# A Guide to Spiritual Awakening

ੴ

All is One

# JUP, SODHAR, SOHILA

## ਪੰਜਾਬੀ

# Table of Contents

*INTRODUCTION*

*JUP* ........ *1 - 58*

*SODHAR* ........ *59 - 81*

*SOHILA* ........ *82 - 90*



Gurbani (the words of universal enlightenment) is an ocean of Divine Wisdom. It is not meant for ritualistic reading. Rather, it is meant to study and implement to bring positive transformation within the self. All of Gurbani is poetic, and that's why it becomes complicated if we read the literal translations. To understand the message of Gurbani, the literal translation of the words has been deliberately avoided in this present book. Our effort is to present the core message of each line for the readers. Remember: no one in the past, present, or future can claim that their interpretation of Gurbani is final and the correct one. We acknowledge this in our humble effort. We are presenting you whatever we have understood up to this point of time. Let's study the Guru's teachings and implement them in our lives.

Well Wishes to All.

All is One.

Bhai Inderjit Singh Goraya

# ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਸ ਰਚਨਾ ਨੂੰ ਆਮਤੌਰ ਤੇ ਅਸੀਂ 'ਮੂਲ ਮੰਤਰ' ਕਹਿੰਦੇ ਹਾਂ।ਗੁਰਮਤਿ ਵਿਚ 'ਮੰਤਰ' ਕੋਈ ਐਸੇ ਲਫਜ਼ ਨਹੀਂ ਜਿਨ੍ਹਾਂ ਨੂੰ ਬਾਰ-ਬਾਰ ਬੋਲਣ ਨਾਲ਼ ਕੋਈ ਬਾਹਰੀ ਚਮਤਕਾਰ ਹੋਵੇ। ਸਿੱਖ ਮਤ ਵਿਚ 'ਮੰਤਰ' ਗੁਰੂ ਦਾ ਗਿਆਨ ਹੈ। ਸਾਰੀ ਬਾਣੀ ਹੀ ਗੁਰੂ ਦਾ ਮੰਤਰ ਹੈ ਤੇ ਇਸ ਮੰਤਰ ਨੂੰ ਜੀਵਨ ਵਿੱਚ ਉਤਾਰ ਕੇ ਰੱਬੀ ਗੁਣਾਂ ਨੂੰ ਧਾਰਣ ਕਰਕੇ ਰੱਬ ਵਿੱਚ ਇਕ-ਮਿਕ ਹੋਣਾ ਹੈ।

ਸੋ, ਮੂਲ-ਮੰਤਰ ਤੋਂ ਅਸੀਂ ਇਹ ਮੰਨ ਲਈਏ ਕਿ ਇਸ ਰਚਨਾ ਵਿਚ ਗੁਰਮਤ ਦਾ ਮੂਲ ਸਿਧਾਂਤ ਭਾਵ ਗੁਰੁ ਦੇ ਗਿਆਨ ਦੇ ਮੁਢਲੇ ਅਸੂਲ ਹਨ। ਮੂਲ-ਮੰਤਰ ਵਿਚ ਗੁਰੂਜੀ ਸਾਨੂੰ ਓਨ੍ਹਾਂ ਰੱਬੀ ਗੁਣਾਂ ਦਾ ਇਕ ਐਸਾ ਕੀਮਤੀ ਸਿਧਾਂਤ ਦੇਂਦੇ ਹਨ ਜਿਸਦੇ ਮੁੱਖ ਤੌਰ ਤੇ ਤਿੰਨ ਕਾਰਜ ਹਨ-

੧. ਇਨ੍ਹਾਂ ਦੇ ਅਧਾਰ 'ਤੇ ਪਰਮਾਤਮਾ ਦੀ ਪਛਾਣ ਕਰਨਾ

੨. ਕਿਉਂਕਿ ਇਹ ਰੱਬ ਦੇ ਗੁਣ ਨੇ ਤੇ ਉਹ ਸਾਡੇ ਅੰਦਰ ਹੈ, ਇਸ ਲਈ ਇਨਾਂ ਨੂੰ ਜੀਵਨ 'ਚ ਉਤਾਰ ਕੇ ਰੱਬ 'ਚ ਸਮਾਉਣਾ

੩. ਗੁਰਬਾਣੀ ਨੂੰ ਸਮਝਣ ਲਈ ਇਸ ਮੂਲ ਮੰਤਰ ਨੂੰ ਅਧਾਰ/ਪੈਮਾਨਾ ਬਣਾਉਣਾ

ਏਸੇ ਕਰਕੇ ਮੂਲ-ਮੰਤਰ ਪੂਰੇ ਗੁਰੁ ਗ੍ਰੰਥ ਸਾਹਿਬ ਵਿੱਚ ੫੬੮ ਵਾਰ ਦਰਜ ਹੈ, ਕਿ ਅਸੀਂ ਗੁਰਬਾਣੀ ਨੂੰ ਸਮਝਣ ਵੇਲ਼ੇ ਇਸ ਰਚਨਾ ਦੇ ਹਰ ਗੁਣ ਨੂੰ ਸਾਮ੍ਹਣੇ ਰੱਖੀਏ।

ਜ਼ਰੂਰੀ ਨੋਟ: 'ਮੂਲ-ਮੰਤਰ' ਜਪੁ ਬਾਣੀ ਜਾਂ ਕਿਸੇ ਵੀ ਹੋਰ ਬਾਣੀ ਦਾ ਹਿੱਸਾ ਨਹੀਂ ਹੈ। ਇਹ ਇਕ ਸੁਤੰਤਰ ਰਚਨਾ ਹੈ ਤੇ ਜਿਵੇਂ ਉੱਪਰ ਦੱਸਿਆ ਹੈ ਮੂਲ ਮੰਤਰ ਗੁਰਬਾਣੀ ਦੇ ਹਰ ਸ਼ਬਦ ਨੂੰ ਸਮਝਣ ਦਾ ਪੈਮਾਨਾ ਹੋਣ ਕਰਕੇ ਗੁਰੁ ਸਾਹਿਬ ਨੇ ਬਾਰ ਬਾਰ ਗੁਰੁ ਗ੍ਰੰਥ ਸਾਹਿਬ 'ਚ ਲਿਖਿਆ ਹੈ।

# ੴ

ਇਕ ਪਰਮਾਤਮਾ ਜੋ ਸਾਰਿਆਂ ਵਿੱਚ ਇਕਸਾਰ ਮੌਜੂਦ ਹੈ। ਸਾਰਿਆਂ ਵਿੱਚ ਇਕ ਓਹੀ ਹੈ, ਤੇ ਸਾਰੇ ਓਸੇ ਵਿੱਚ ਨੇ। ਉਹ ਕਿਸੇ ਇੱਕ ਵਿਸ਼ੇਸ਼ ਸ਼ਰੀਰ, ਥਾਂ ਜਾਂ ਸਮੇਂ ਵਿੱਚ ਨਹੀਂ। ਹਰ ਥਾਂ, ਹਰ ਸਮੇਂ, ਸਭ ਵਿੱਚ ਇੱਕ ਪਰਮਾਤਮਾ ਹੀ ਹੈ

# ਸਤਿ ਨਾਮੁ

ਉਸਦੀ ਸਦੀਵੀ ਹੋਂਦ ਹੀ ਉਸਦੀ ਪਹਿਲੀ ਪਛਾਣ ਹੈ। ਉਹ ਸਦਾ ਹੈ। ਉਹ ਜੀਵਨ ਰੂਪ ਹੈ। ਸਾਡੇ ਅੰਦਰ ਜੀਵਨ ਉਸਦੀ ਹੋਂਦ ਦਾ ਹੀ ਗੁਣ/ਪਛਾਣ ਹੈ

# ਕਰਤਾ ਪੁਰਖੁ

ਉਹ ਸਭ ਕੁਝ ਬਣਾਉਣ ਵਾਲ਼ਾ ਹੈ। ਤੇ ਫਿਰ ਅਪਣੀ ਰਚਨਾ ਵਿੱਚ ਆਪ ਵੱਸਦਾ ਹੈ। ਹਰ ਜੀਵ ਵਿੱਚ ਕਰਨ/ਰਚਣ ਦੀ ਸ਼ਕਤੀ ਉਸਦਾ ਹੀ ਗੁਣ ਹੈ।

# ਨਿਰਭਉ

ਉਹ ਕਿਸੇ ਤੋਂ ਡਰ/ਭੈ ਨਹੀਂ ਖਾਂਦਾ, ਨਾ ਹੀ ਡਰਾਉਂਦਾ ਹੈ।

# ਨਿਰਵੈਰੁ

ਉਹ ਕਿਸੇ ਨਾਲ਼ ਵੈਰ ਨਹੀਂ ਰੱਖਦਾ। ਨਾ ਕਿਸੇ ਨਾਲ਼ ਦੁਸ਼ਮਣੀ ਕੱਢਦਾ ਹੈ, ਨਾ ਹੀ ਕਿਸੇ ਖਿਲਾਫ ਕਿਸੇ ਦਾ ਪੱਖ ਪੂਰਦਾ ਹੈ।

# ਅਕਾਲ ਮੂਰਤਿ

ਉਹ ਸਮੇਂ ਦੇ ਅਧੀਨ ਨਹੀਂ। ਕਦੀ ਘੱਟ ਜਾਂ ਕਦੀ ਵੱਧ ਨਹੀਂ ਹੁੰਦਾ। ਭੌਤਕ ਚੀਜ਼ਾਂ ਵਾਂਗ ਸਮੇਂ ਨਾਲ਼ ਬਦਲਦਾ ਜਾਂ ਖਤਮ ਨਹੀਂ ਹੁੰਦਾ।

# ਅਜੂਨੀ

ਉਹ ਜੰਮਦਾ ਨਹੀਂ। ਉਹ ਅਵਤਾਰ ਧਾਰਣ ਨਹੀਂ ਕਰਦਾ। ਉਸਦਾ ਕੋਈ ਮਾਂ-ਬਾਪ ਨਹੀਂ। ਉਹ ਕੋਈ ਵਿਅਕਤੀ ਨਹੀਂ।

# ਸੈਭੰ

ਉਹ ਕਿਸੇ ਹੋਰ ਦਾ ਬਣਾਇਆ ਹੋਇਆ ਨਹੀਂ, ਉਸਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ।ਉਹ ਅਪਣੇ ਆਪ ਤੋਂ ਹੈ।

# ਗੁਰ ਪ੍ਰਸਾਦਿ ॥

ਸਿਰਫ ਗੁਰੁ/ਗਿਆਨ ਦੀ ਕਿਰਪਾ ਨਾਲ਼ ਇਹਨਾਂ ਗੁਣਾਂ ਦੇ ਜਰੀਏ ਉਸ ਰੱਬ ਨੂੰ ਜਾਣਿਆ/ਮਿਲ਼ਿਆ ਜਾਂਦਾ ਹੈ

# ॥ ਜਪੁ ॥

'ਜਪ' ਇਸ ਬਾਣੀ ਦਾ ਨਾਮ ਹੈ ਜੋ ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ। ਜਪ ਦਾ ਅਰਥ ਹੈ ਜੋ ਇਸ ਬਾਣੀ ਵਿੱਚ ਗਿਆਨ ਹੈ ਉਸਨੂੰ ਧਿਆਨ 'ਚ ਰੱਖਣਾ ਤੇ ਮਨ 'ਚ ਵਸਾ ਕੇ ਅਮਲ ਵਿੱਚ ਲਿਆਉਣਾ।

## ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਇਹ ਬਾਣੀ 'ਜਪੁ' ਦਾ ਪਹਿਲਾ ਸ਼ਲੋਕ ਹੈ। ਇਸ ਬਾਣੀ ਵਿਚ ਦੋ ਸਲੋਕ ਨੇ, ਇਕ ਸੁਰੂ ਵਿਚ ਤੇ ਇਕ ਅਖੀਰ ਵਿਚ। ਦੋਹਾਂ ਸ਼ਲੋਕਾਂ ਦੇ ਦਰਮਿਆਨ ੩੮ ਪਉੜੀਆਂ ਨੇ। ਇਸ ਪਹਿਲੇ ਸ਼ਲੋਕ ਦਾ ਭਾਵ ਇਹ ਹੈ -

ਸ਼ੁਰੂ/ਮੁੱਢ ਤੋਂ ਹੁਣ ਤੱਕ ਪਰਮਾਤਮਾ ਸਾਡੇ ਨਾਲ਼ -ਅੰਦਰ ਬਾਹਰ ਹਰ ਥਾਂ- ਹੈ, ਹੁਣ ਵੀ ਸਦਾ ਨਾਲ਼ ਹੈ ਤੇ ਅੱਗੇ ਵੀ ਸਦਾ ਨਾਲ਼ ਰਹੇਗਾ।

## ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਬਾਹਰੋਂ ਸ਼ਰੀਰ ਨੂੰ ਤੀਰਥਾਂ ਦੇ ਪਾਣੀ ਨਾਲ਼ ਲੱਖ ਵਾਰ ਵੀ ਧੋ ਲਈਏ, ਅਸੀਂ ਸੁੱਚੇ ਨਹੀਂ ਹੋ ਸਕਦੇ ਕਿਉਂਕਿ ਮਨ ਦੀ ਮੈਲ਼ ਬਾਹਰੀ ਇਸ਼ਨਾਨ ਨਾਲ਼ ਨਹੀਂ ਉਤਰਦੀ

## ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

ਜਿੰਨਾਂ ਮਰਜ਼ੀ ਚੁੱਪ ਹੋ ਕੇ ਲਿਵ ਜੋੜਨ ਦੀ ਕੋਸ਼ਿਸ਼ ਕਰੀਏ ਪਰ ਸਾਡੇ ਮਨ ਦਾ ਸ਼ੋਰ ਬਾਹਰੋਂ ਚੁੱਪ ਹੋਣ ਤੇ ਵੀ ਨਹੀਂ ਹਟਦਾ

## ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਦੁਨੀਆ ਭਰ ਦੇ ਪਦਾਰਥਾਂ ਦੀਆਂ ਪੰਡਾਂ ਮਿਲ਼ ਜਾਣ ਤਾਂ ਵੀ ਇਸ ਮਨ ਦੀ ਭੁੱਖ ਇਨ੍ਹਾਂ ਬਾਹਰੀ ਚੀਜ਼ਾਂ ਨਾਲ਼ ਨਹੀਂ ਮੁੱਕਦੀ

## ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਅੰਦਰੋਂ ਪਵਿੱਤਰ ਹੋਣ ਦੇ ਰਾਹ ਵਿੱਚ ਇਹ ਹਜ਼ਾਰਾਂ ਬਾਹਰੀ ਚਲਾਕੀਆਂ/ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਫਿਰ ਕਿਵੇਂ ਮਨ ਕਰਕੇ ਪਵਿੱਤਰ ਹੋਇਆ ਜਾ ਸਕਦਾ ਹੈ? ਕਿਵੇਂ ਇਸ ਮਨ ਵਿੱਚੋਂ ਵਿਕਾਰਾਂ ਦੀ ਮੈਲ਼ ਮੁੱਕੇ?

## ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਜੋ ਸਦਾ ਸਾਡੇ ਨਾਲ਼ ਹੈ ਉਸ ਅੰਦਰ ਬੈਠੇ ਪਰਮਾਤਮਾ ਦੇ ਹੁਕਮ ਨੂੰ ਮੰਨ ਕੇ ਜੀਵਨ ਜੀਵੀਏ ਤਾਂ ਮਨ ਕਰਕੇ ਸਚਿਆਰ/ਪਵਿੱਤਰ ਹੋਈਦਾ ਹੈ

## ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਅੰਦਰ ਬੈਠੇ ਪ੍ਰਭੂ ਦੇ ਹੁਕਮ ਨੂੰ ਮੰਨੀਏ ਤਾਂ ਇਸ ਜੀਵਨ ਨੂੰ ਨਵਾਂ ਅਕਾਰ/ਨਵੀਂ ਦਿਸ਼ਾ ਦੇ ਸਕਦੇ ਹਾਂ; ਉਸ ਰੱਬੀ ਹੁਕਮ ਦੀ ਤਾਕਤ/ਸੁੰਦਰਤਾ ਲਫਜ਼ਾਂ ਵਿੱਚ ਬਿਆਨ ਨਹੀਂ ਹੋ ਸਕਦੀ

## ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਰੱਬੀ ਹੁਕਮ ਨੂੰ ਮੰਨੀਏ ਤਾਂ ਅੰਦਰੋਂ ਇਕ ਨਵਾਂ ਜੀਵਨ ਮਿਲ਼ਦਾ ਹੈ; ਇਸ ਹੁਕਮ ਨੂੰ ਮੰਨ ਕੇ ਰੱਬੀ ਗੁਣ/ਵਡਿਆਈਆਂ ਮਿਲ਼ਦੇ ਹਨ

## ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਅੰਦਰ ਵੱਸਦੇ ਪ੍ਰਭੂ ਦੇ ਹੁਕਮ ਵਿੱਚ ਜੀਊਣ ਵਾਲ਼ੇ ਉੱਤਮ ਹੋ ਕੇ ਸੁਖ ਲੈਂਦੇ ਨੇ; ਹੁਕਮ ਨੂੰ ਨਾ ਮੰਨ ਕੇ ਅਸੀਂ ਨੀਚ ਤੇ ਦੁਖੀ ਹੁੰਦੇ ਹਾਂ

## ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਜੋ ਉਸ ਰੱਬੀ ਹੁਕਮ 'ਚ ਜੀਊਂਦੇ ਨੇ ਉਨ੍ਹਾ ਅੰਦਰ ਹਰ ਵੇਲ਼ੇ ਕਿਰਪਾ ਵਰਸਦੀ ਹੈ; ਉਸ ਹੁਕਮ 'ਚ ਨਾ ਆਉਣ ਵਾਲ਼ਿਆਂ ਅੰਦਰ ਸਦਾ ਭਟਕਣਾ ਪਈ ਰਹਿੰਦੀ ਹੈ

## ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਅੰਦਰ ਵੱਸਦੇ ਪਰਮਾਤਮਾ ਦੇ ਹੁਕਮ ਨੂੰ ਮੰਨਣ 'ਚ ਹੀ ਸਭ ਕੁਝ ਹੈ; ਉਸ ਤੋਂ ਬਾਹਰੇ ਹੋ ਕੇ ਕੁਝ ਵੀ ਨਹੀਂ

## ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਜੇਕਰ ਅਸੀਂ ਅੰਦਰ ਵੱਸਦੇ ਪਰਮਾਤਮਾ ਦੇ ਹੁਕਮ ਨੂੰ ਸਮਝ/ਮੰਨ ਲਈਏ ਤਾਂ ਸਾਡਾ ਮਨ "ਮੈਂ-ਮੈਂ" ਕਰਨਾ ਛੱਡ ਦੇਵੇਗਾ

## ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

ਕੋਈ ਵਿਰਲਾ (ਰੱਬੀ ਹੁਕਮ ਨੂੰ ਮੰਨਣ ਵਾਲ਼ਾ) ਉਸ ਅੰਦਰਲੀ ਅਵਾਜ਼ ਤੋਂ ਤਾਣ/ਤਾਕਤ ਲੈ ਕੇ ਉਸ ਹੁਕਮ ਦੀ ਸ਼ਕਤੀ ਨੂੰ ਗਾਉਂਦਾ (ਜੀਵਨ 'ਚ ਉਤਾਰਦਾ) ਹੈ

## ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਰੱਬੀ ਗਿਆਨ 'ਚੋਂ ਮਿਲ਼ਦੀਆਂ ਦਾਤਾਂ/ਗਿਆਨ ਨੂੰ ਗਾ ਕੇ (ਦ੍ਰਿੜ ਕਰਕੇ) ਸਚਿਆਰ ਹੋਣ ਨੂੰ ਅਪਣੇ ਜੀਵਨ ਦਾ ਨਿਸ਼ਾਨ/ਮੰਜ਼ਲ ਜਾਣ ਲੈਂਦਾ ਹੈ

## ਗਾਵੈ ਕੋ ਗੁਣ ਵਡਿਆਈਆ ਚਾਰ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਵਿਰਲਾ ਮਨ ਗੁਣਾਂ ਨੂੰ ਦ੍ਰਿੜ ਕਰਕੇ ਅਪਣੇ ਆਚਰਣ ਨੂੰ ਨਿਖਾਰਨ ਦੀ ਵਡਿਆਈ ਮਾਣਦਾ ਹੈ

## ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

ਹੁਕਮ ਨੂੰ ਮੰਨਣ ਵਾਲ਼ਾ ਪ੍ਰਭੂ ਨੂੰ ਮਿਲਣ ਵਾਲ਼ੀ ਉਸ ਸਮਝ ਨੂੰ ਗਾਉਂਦਾ (ਜੀਵਨ 'ਚ ਉਤਰਦਾ) ਹੈ ਜਿਸਨੂੰ ਲੋਕ ਬਹੁਤ ਔਖਾ ਕਹਿੰਦੇ ਨੇ

## ਗਾਵੈ ਕੋ ਸਾਜਿ ਕਰੇ ਤਨੁ ਖੇਹ ॥

ਰੱਬੀ ਹੁਕਮ ਨੂੰ ਦ੍ਰਿੜ ਕਰਨ (ਜੀਵਨ 'ਚ ਉਤਾਰਨ) ਵਾਲ਼ੇ ਅਪਣੇ ਅੰਦਰ ਸੋਹਣੇ/ਪਵਿੱਤਰ ਮਨ ਨੂੰ ਸਾਜਦੇ/ਘੜਦੇ ਨੇ, ਤੇ ਮੈਲ਼ੇ/ਕੂੜਿਆਰ ਮਨ ਨੂੰ ਖੇਹ/ਖਤਮ ਕਰਦੇ ਨੇ

## ਗਾਵੈ ਕੋ ਜੀਅ ਲੈ ਫਿਰਿ ਦੇਹ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਗਿਆਨ ਗੁਰੂ ਤੋਂ ਸਚਿਆਰ ਜੀਵਨ ਦੀ ਸਮਝ ਲੈ ਕੇ ਅਪਣੀ ਸੁਰਤ-ਮੱਤ-ਮਨ ਨੂੰ ਦੇਂਦਾ ਹੈ

## ਗਾਵੈ ਕੋ ਜਾਪੈ ਦਿਸੈ ਦੂਰਿ ॥

ਜੋ ਪਰਮਾਤਮਾ ਦੂਰ ਦਿੱਸਦਾ ਸੀ, ਰੱਬੀ ਹੁਕਮ ਨੂੰ ਦ੍ਰਿੜ ਕਰਨ ਵਾਲ਼ਾ ਮਨ ਉਸ ਰੱਬ ਦਾ ਜਾਪ/ਅਹਿਸਾਸ ਅਪਣੇ ਅੰਦਰ ਹੀ ਕਰ ਲੈਂਦਾ ਹੈ

## ਗਾਵੈ ਕੋ ਵੇਖੈ ਹਾਦਰਾ ਹਦੂਰਿ ॥

ਜੋ ਕੋਈ ਪਰਮਾਤਮਾ ਦੇ ਹੁਕਮ ਨੂੰ ਜੀਵਨ 'ਚ ਉਤਾਰਦਾ ਹੈ ਉਹ ਪ੍ਰਭੂ ਨੂੰ ਸਦਾ ਅਪਣੇ ਨੇੜੇ ਸੁਣਦਾ-ਵੇਖਦਾ ਹੈ

## ਕਥਨਾ ਕਥੀ ਨ ਆਵੈ ਤੋਟਿ ॥

ਹੁਕਮ ਨੂੰ ਮੰਨਣ, ਲਗਾਤਾਰ ਦ੍ਰਿੜ ਕਰਣ ਨਾਲ਼ ਉਨ੍ਹਾਂ ਦੇ ਅੰਦਰ ਕੋਈ ਤੋਟ/ਕਮੀ ਨਹੀਂ ਰਹਿੰਦੀ

## ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਜਿਵੇਂ ਜਿਵੇਂ ਹੁਕਮ ਨੂੰ ਮੰਨ ਕੇ ਦ੍ਰਿੜ ਕਰੀ ਜਾਂਦੇ ਨੇ ਤਿਵੇਂ ਤਿਵੇਂ ਉਨਾਂ ਅੰਦਰ ਕਰੋੜਾਂ ਗੁਣ ਵਧਦੇ ਜਾਂਦੇ ਹਨ

## ਦੇਦਾ ਦੇ ਲੈਦੇ ਥਕਿ ਪਾਹਿ ॥

ਅੰਦਰ ਬੈਠਾ ਪ੍ਰਭੂ ਸਚਿਆਰ/ਸੋਹਣੇ ਜੀਵਨ ਲਈ ਲਗਾਤਾਰ ਗਿਆਨ ਦੇ ਰਿਹਾ ਹੈ, ਤੇ ਜੋ ਉਸਨੂੰ ਲੈਕੇ ਮੰਨ ਰਹੇ ਨੇ ਉਨ੍ਹਾਂ ਦਾ ਮਨ ਭਟਕਣਾ ਛੱਡ ਕੇ ਟਿਕ ਜਾਂਦਾ ਹੈ

## ਜੁਗਾ ਜੁਗੰਤਰਿ ਖਾਹੀ ਖਾਹਿ ॥

ਐਸਾ ਮਨ ਅਪਣੇ ਅੰਦਰ ਕੂੜ ਤੋਂ ਸਚਿਆਰ/ਸੁੱਚਤਾ ਵੱਲ ਦਾ ਬਦਲਾਅ ਰੱਬੀ ਗਿਆਨ ਨੂੰ ਵਿਚਾਰ-ਵਿਚਾਰ ਕੇ ਕਰੀ ਜਾਂਦਾ ਹੈ

## ਹੁਕਮੀ ਹੁਕਮੁ ਚਲਾਏ ਰਾਹੁ ॥

ਜਦ ਅਸੀਂ ਅਪਣੇ ਅੰਦਰ ਵੱਸਦੇ ਰੱਬ ਦੇ ਹੁਕਮ ਅਨੁਸਾਰ ਅਪਣੇ ਮਨ ਨੂੰ ਰਾਹ ਪਾਉਂਦੇ ਹਾਂ

## ਨਾਨਕ ਵਿਗਸੈ ਵੇਪਰਵਾਹੁ ॥੩॥

ਫਿਰ ਸਾਡਾ ਮਨ ਸਾਰੇ ਡਰ-ਫਿਕਰ-ਚਿੰਤਾ ਛੱਡ ਕੇ ਅਨੰਦ/ਖੇੜੇ 'ਚ ਰਹਿੰਦਾ ਹੈ

## ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥

ਸਦਾ ਸਾਨੂੰ ਵਡਿਆਈਆਂ ਦੇਣ ਵਾਲ਼ਾ ਮਾਲਕ ਪ੍ਰਭੂ ਸਾਨੂੰ ਹਮੇਸ਼ਾ ਪਿਆਰ ਨਾਲ਼ ਸਮਝਾਉਂਦਾ ਹੈ

## ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥

ਜਦੋਂ ਵੀਂ ਅਸੀਂ ਉਸ ਤੋਂ ਕੋਈ ਰਾਹ/ਹੱਲ ਪੁਛਦੇ/ਮੰਗਦੇ ਹਾਂ ਉਹ ਦਾਤਾ ਸਮਝ/ਗੁਣਾਂ ਦੀ ਦਾਤ ਦੇਂਦਾ ਹੈ

## ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

(ਇਸ ਲਈ) ਅਪਣੇ ਮਨ ਨੂੰ (ਕੂੜ/ਵਿਕਾਰਾਂ ਤੋਂ) ਫੇਰ ਕੇ ਪ੍ਰਭੂ ਵੱਲ ਇੰਝ ਲਗਾਈਏ ਕਿ ਅਪਣੇ ਅੰਦਰ ਪ੍ਰਭੂ ਦਾ ਦਰਬਾਰ ਦਿੱਸਦਾ ਰਹੇ

## ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

ਅਪਣੇ ਮਨ ਨਾਲ਼ (ਗੁਰੂ ਦੇ ਗਿਆਨ ਰਾਹੀਂ) ਐਸੀ ਸਾਂਝ (ਬੋਲਚਾਲ) ਪਾਈਏ ਕਿ ਜਿਨ੍ਹਾਂ ਨੂੰ ਸੁਣ/ਮੰਨ ਕੇ ਸਾਡਾ ਮਨ ਉਸ ਪ੍ਰਭੂ ਨਾਲ਼ ਪਿਆਰ ਪਾ ਲਵੇ

## ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਸੱਚੇ ਰੱਬੀ ਗੁਣਾਂ ਨੂੰ ਵਿਚਾਰ/ਅਮਲ 'ਚ ਲਿਆ ਕੇ ਮਿਲ਼ੀਆਂ ਵਡਿਆਈਆਂ ਨਾਲ਼ ਅਪਣੇ ਜੀਵਨ ਦੇ ਇਸ ਵੇਲ਼ੇ ਨੂੰ ਅੰਮ੍ਰਿਤ ਬਣਾਈਏ

## ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਜਿਨ੍ਹਾਂ ਗੁਣਾਂ ਦੀ ਕਿਰਪਾ ਨਾਲ਼ ਸੱਚੀ ਪੱਤ ਤੇ (ਕੂੜ/ਅੰਦਰਲੀ ਮੈਲ਼) ਤੋਂ ਮੁਕਤੀ ਮਿਲ਼ਦੀ ਹੈ

## ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਤੇ ਇੰਝ ਕਰਕੇ ਹੀ ਸਾਡੇ ਮਨ ਦੇ ਅੰਦਰ ਸਭ ਕੁਝ (ਪਰਮਾਤਮਾ ਵਰਗਾ) ਸਚਿਆਰ ਹੁੰਦਾ ਜਾਂਦਾ ਹੈ

## ਥਾਪਿਆ ਨ ਜਾਇ ਕੀਤਾ ਨ ਹੋਇ ॥

ਕਿਸੇ ਦੇ ਥਾਪਣ ਜਾਂ ਕਰਣ ਨਾਲ਼ ਅਸੀਂ ਸਚਿਆਰ ਨਹੀਂ ਹੋ ਸਕਦੇ

## ਆਪੇ ਆਪਿ ਨਿਰੰਜਨੁ ਸੋਇ ॥

ਇਹ ਤਾਂ ਅਪਣੇ ਆਪ ਨੂੰ (ਰੱਬੀ ਹੁਕਮ 'ਚ ਲਿਆ ਕੇ) ਅਸੀਂ ਅੰਦਰੋਂ ਨਿਰੰਜਨ (ਮੈਲ਼ ਤੋਂ ਮੁਕਤ) ਹੁੰਦੇ ਹਾ

## ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਜੋ ਅਪਣੇ ਅੰਦਰ ਵੱਸਦੇ ਹੁਕਮੀ ਪ੍ਰਭੂ ਦੀ ਸੇਵਾ (ਹੁਕਮ ਨੂੰ ਮੰਨਣਾ) ਕਰ ਲੈਂਦੇ ਨੇ ਉਹ (ਸਚਿਆਰ ਹੋਣ ਦਾ) ਮਾਣ ਪ੍ਰਾਪਤ ਕਰ ਲੈਂਦੇ ਨੇ

## ਨਾਨਕ ਗਾਵੀਐ ਗੁਣੀ ਨਿਧਾਨੁ ॥

ਇਉਂ ਸਾਡਾ ਜੀਵਨ ਰੱਬੀ ਗੁਣਾਂ ਦਾ ਖਜ਼ਾਨਾ ਪ੍ਰਾਪਤ ਕਰਨ ਲਈ ਗਾਉਂਦਾ/ਯਤਨਸ਼ੀਲ ਹੁੰਦਾ ਹੈ

## ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਜਿਵੇਂ ਜਿਵੇਂ ਅਸੀਂ (ਰੱਬੀ ਗਿਆਨ ਰਾਹੀਂ) ਗੁਣਾਂ ਨੂੰ ਗਾਉਂਦੇ-ਸੁਣਦੇ (ਜੀਵਨ 'ਚ ਢਾਲ਼ਦੇ) ਹਾਂ, ਸਾਡੇ ਮਨ ਅੰਦਰ ਇਨ੍ਹਾਂ ਗੁਣਾਂ ਨਾਲ਼ ਪਿਆਰ ਪੈਂਦਾ ਜਾਂਦਾ ਹੈ

## ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਸਾਡੇ ਅੰਦਰੋਂ (ਵਿਕਾਰਾਂ ਦੀ ਮੈਲ਼ ਨਾਲ਼ ਆਏ) ਦੁਖ ਖਤਮ ਹੁੰਦੇ ਜਾਂਦੇ ਨੇ, ਤੇ (ਸਬਰ-ਸੰਤੋਖ ਵਰਗੇ ਗੁਣਾਂ ਕਰਕੇ) ਸੁਖ-ਸ਼ਾਂਤੀ ਬਣਦੀ ਜਾਂਦੀ ਹੈ

## ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

ਉਸ ਰੱਬੀ ਗੁਰੂ ਗਿਆਨ ਦੀ ਅਵਾਜ਼/ਮਾਰਗਦਰਸ਼ਨ, ਉਸਦਾ ਗਿਆਨ ਦ੍ਰਿੜ ਕਰਕੇ ਅਸੀਂ ਉਸੇ 'ਚ ਸਮਾਉਂਦੇ ਜਾਂਦੇ ਹਾਂ

## ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥

ਸਾਡੇ ਅੰਦਰ ਸਾਨੂੰ ਰਾਹ ਦੱਸਣ ਵਾਲ਼ੀ ਗੁਰੂ ਦੀ ਰੱਬੀ ਅਵਾਜ਼ ਹੀ ਸਾਨੂੰ ਅੰਦਰੋਂ ਪਾਲ਼ਦੀ ਹੈ, ਵਿਕਾਰਾਂ ਤੋਂ ਸਾਡੀ ਕਰਮਾਂ ਦੀ ਧਰਤੀ ਦੀ ਰੱਖਿਆ ਕਰਦੀ ਹੈ, ਸਾਡੇ ਅੰਦਰ ਸੋਹਣੇ ਜੀਵਨ ਦੀ ਰਚਨਾ ਕਰਦੀ ਹੈ, ਤੇ ਸਾਨੂੰ ਵਿਕਾਰਾਂ ਤੋਂ ਪਾਰ ਕਰਨ ਵਾਲੀ ਮੱਤ/ਮਾਂ ਬਣਦੀ ਹੈ

## ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥

ਜੇਕਰ ਅਸੀਂ ਇਹ ਜਾਣੀਏ/ਸੋਚੀਏ ਕਿ ਹਉਮੈ (ਮਨ ਦੀ ਮੱਤ) ਨਾਲ਼ ਵਿਕਾਰਾਂ ਤੋਂ ਛੁੱਟ ਜਾਵਾਂਗੇ ਤਾਂ ਜਾਣੋ ਕਿ 'ਮੈਂ' ਵਾਲੀ ਮੱਤ ਨਾਲ਼ ਅਸੀਂ ਵਿਕਾਰਾਂ ਤੋਂ ਪਾਰ ਨਹੀਂ ਜਾ ਸਕਦੇ

## ਗੁਰਾ ਇਕ ਦੇਹਿ ਬੁਝਾਈ ॥

ਇਸ ਲਈ ਗੁਰੂ ਜੀ ਮੈਨੂੰ ਇਕ ਐਸੀ ਸਮਝ ਦੇ ਦਵੋ

## ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਕਿ ਮੇਰੇ ਬਾਹਰਲੇ ਤੇ ਅੰਦਰਲੇ ਸਾਰੇ ਪਸਾਰੇ (ਜੀਆਂ) ਨੂੰ ਗੁਣਾਂ ਦੀਆਂ ਦਾਤਾਂ ਦੇਣ ਵਾਲ਼ੇ ਪਰਮਾਤਮਾ (ਰੱਬੀ ਹੁਕਮ) ਨੂੰ ਸਦਾ ਯਾਦ ਰੱਖਾਂ (ਸਿਰ ਮੱਥੇ ਮੰਨ ਕੇ ਅਮਲ ਕਰਾਂ)

## ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥

ਜੇਕਰ ਅਸੀਂ ਉਹ ਕਰਦੇ ਹਾਂ ਜੋ ਅੰਦਰਲੇ ਪ੍ਰਭੂ ਨੂੰ ਭਾਉਂਦਾ ਹੈ, ਤਾਂ ਏਹੋ ਤੀਰਥ ਇਸ਼ਨਾਨ ਹੈ। ਜੇ ਉਸਦੇ ਭਾਣੇ ਵਿੱਚ ਨਹੀਂ ਤਾਂ ਤੀਰਥਾਂ 'ਤੇ ਨਹਾ ਕੇ ਕੀ ਲੈ ਲਵਾਂਗੇ?

## ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥

ਜੋ ਸੁੰਦਰ ਗੁਣਾਂ ਵਾਲੇ ਜੀਵਨ (ਸਚਿਆਰ) ਦਾ ਸੰਸਾਰ/ਸ੍ਰਿਸ਼ਟੀ ਅਸੀਂ ਅਪਣੇ ਅੰਦਰ ਲੱਭ ਰਹੇ ਹਾਂ, ਉਹ ਰੱਬੀ ਹੁਕਮ ਨੂੰ ਕਮਾਏ/ਮੰਨੇ ਬਿਨਾਂ ਨਹੀਂ ਮਿਲ਼ਦਾ

## ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਜੇ ਇਕ ਗੁਰੂ/ਪ੍ਰਭੂ ਦੀ ਸਿੱਖਿਆ ਨੂੰ ਸੁਣ/ਮੰਨ ਲਈਏ ਤਾਂ ਸਾਡੀ ਮੱਤ ਬੇਸ਼ਕੀਮਤੀ ਰੱਬੀ ਗੁਣਾਂ ਨਾਲ਼ ਭਰ ਜਾਂਦੀ ਹੈ

## ਗੁਰਾ ਇਕ ਦੇਹਿ ਬੁਝਾਈ ॥

ਇਸ ਲਈ ਗੁਰੂ ਜੀ ਮੈਨੂੰ ਇਕ ਐਸੀ ਸਮਝ ਦੇ ਦਵੋ

## ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥

ਕਿ ਮੇਰੇ ਬਾਹਰਲੇ ਤੇ ਅੰਦਰਲੇ ਸਾਰੇ ਪਸਾਰੇ (ਜੀਆਂ) ਨੂੰ ਗੁਣਾਂ ਦੀਆਂ ਦਾਤਾਂ ਦੇਣ ਵਾਲ਼ੇ ਪਰਮਾਤਮਾ (ਰੱਬੀ ਹੁਕਮ) ਨੂੰ ਸਦਾ ਯਾਦ ਰੱਖਾਂ (ਸਿਰ ਮੱਥੇ ਮੰਨ ਕੇ ਅਮਲ ਕਰਾਂ)

## ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥

ਜੇ ਅਸੀਂ ਅਪਣੇ ਮਨ ਦੇ ਹਰ ਜੁਗ/ਅਵਸਥਾ ਦੀ ਆਰਜਾ/ਸਮੇਂ ਨੂੰ ਗੁਰੂ ਗਿਆਨ ਨਾਲ਼ ਸਵਾਰੀਏ ਤਾਂ ਕਈ ਗੁਣਾਂ ਸੁਹੱਪਣ ਅੰਦਰ ਹੁੰਦਾ ਜਾਵੇਗਾ

## ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥

ਜੇਕਰ ਅਪਣੇ ਅੰਦਰ ਦੇ ਹਰ ਹਿੱਸੇ (ਸੁਰਤ, ਮੱਤ, ਮਨ) ਵਿੱਚ ਰੱਬੀ ਗਿਆਨ ਨੂੰ ਜਾਣ ਲਈਏ ਤਾਂ ਇਹ ਸਾਰੇ -ਸੁਰਤ, ਮੱਤ, ਮਨ- (ਸਚਿਆਰ ਹੋਣ ਦੇ ਸਫਰ ਵਿੱਚ) ਸਾਡੇ ਨਾਲ਼ ਤੁਰਨਗੇ

## ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥

ਜੇਕਰ ਰੱਬੀ ਹੁਕਮ 'ਚ ਜੀਉਣ ਦਾ ਇਹ ਚੰਗਾ ਨਾਮ/ਗੁਣ ਅਸੀਂ ਹਿਰਦੇ 'ਚ ਰੱਖ/ਟਿਕਾ ਲਈਏ ਤਾਂ (ਅਪਣੇ ਅੰਦਰਲੇ) ਸੰਸਾਰ ਵਿੱਚ ਸੱਚਾ ਜੱਸ/ਮਾਣ ਲੈ ਲਵਾਂਗੇ

## ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

ਪਰ ਜੇ ਸਾਡੀ ਨਜ਼ਰ/ਧਿਆਨ ਹੀ ਇਸ ਪਾਸੇ ਨਹੀਂ ਆਉਂਦਾ ਤਾਂ ਅਸੀਂ ਅਪਣੇ ਅੰਦਰ ਬੈਠੇ ਪ੍ਰਭੂ/ਗੁਰੂ ਨੂੰ ਸਚਿਆਰ ਬਣਨ ਦੀ ਰਾਹ/ਬਾਤ ਹੀ ਨਹੀਂ ਪੁੱਛਾਗੇ

## ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥

ਤੇ ਇੰਜ ਅੰਦਰੋਂ ਖੁਦ ਨੂੰ ਨਿੱਤ ਹੋਰ ਨੀਵਾਂ ਕਰਨ ਦਾ ਦੋਸ਼ ਸਾਨੂੰ ਅਪਣੇ ਸਿਰ ਹੀ ਧਰਨਾ ਪਵੇਗਾ

## ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥

(ਇਸ ਲਈ) ਅਪਣੇ ਅੰਦਰ ਵੱਸਦੇ ਪ੍ਰਭੂ/ਗੁਰੂ ਦੀ ਅਵਾਜ਼/ਹੁਕਮ ਨੂੰ ਮੰਨ ਕੇ ਅਵਗੁਣਿਆਰੇ ਮਨ 'ਚ ਗੁਣ ਲਿਆਈਏ ਤੇ ਗੁਣਵਾਨ ਹੋ ਕੇ ਵੀ ਹੋਰ ਗੁਣਾਂ ਦੀ ਪ੍ਰਾਪਤੀ ਕਰੀਏ

## ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥

ਐਸਾ ਹੋਰ ਕੋਈ ਬਾਹਰ ਨਹੀਂ ਜੋ ਇਸ ਵਿਕਾਰੀ ਮਨ ਨੂੰ ਗੁਣਵਾਨ ਕਰ ਸੱਕੇ (ਇਹ ਕਾਰਜ ਅੰਦਰੋਂ ਹੀ ਹੋ ਸਕਦਾ ਹੈ)

## ਸੁਣਿਐ ਸਿਧ ਪੀਰ ਸੁਰਿ ਨਾਥ ॥

ਅੰਦਰਲੇ ਰੱਬ ਦੇ ਹੁਕਮ ਨੂੰ ਸੁਣਨ ਨਾਲ਼ ਅੰਦਰ ਸੰਪੂਰਨਤਾ, ਉੱਚੀ ਮੱਤ, ਰੱਬੀ ਗੁਣ ਅਤੇ ਖੁਦ ਤੇ ਕਾਬੂ ਪਾਉਣ ਦੀ ਤਾਕਤ/ਸਮਰੱਥਾ ਆਉਂਦੀ ਹੈ

## ਸੁਣਿਐ ਧਰਤਿ ਧਵਲ ਆਕਾਸ ॥

ਅੰਦਰਲੇ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਸਾਡੇ ਮਨ (ਧਰਤੀ) ਨੂੰ ਰੱਬੀ ਗਿਆਨ ਦਾ ਸਹਾਰਾ ਤੇ ਅਕਾਸ਼ ਜਿੰਨਾਂ ਵਿਸਤਾਰ ਤੇ ਉਚਿਆਈ ਵਾਲ਼ੀ ਮੱਤ ਮਿਲ਼ਦੀ ਹੈ

## ਸੁਣਿਐ ਦੀਪ ਲੋਅ ਪਾਤਾਲ ॥

ਅੰਦਰਲੇ ਰੱਬ ਦੇ ਹੁਕਮ ਨੂੰ ਸੁਣਨ ਨਾਲ਼ ਅਗਿਆਨ ਦੇ ਹਨੇਰੇ (ਪਤਾਲ) 'ਚ ਡਿੱਗੇ ਹੋਏ ਮਨ ਨੂੰ ਗਿਆਨ ਦੇ ਦੀਵੇ ਦੀ ਲੋਅ/ਚਾਨਣ ਮਿਲ਼ਦਾ ਹੈ

## ਸੁਣਿਐ ਪੋਹਿ ਨ ਸਕੈ ਕਾਲੁ ॥

ਅੰਦਰਲੇ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਮਨ ਵਿਕਾਰਾਂ 'ਚ ਨਹੀਂ ਮਰਦਾ

## ਨਾਨਕ ਭਗਤਾ ਸਦਾ ਵਿਗਾਸੁ ॥

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੮॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਸੁਣਿਐ ਈਸਰੁ ਬਰਮਾ ਇੰਦੁ ॥

ਅੰਦਰਲੇ ਰੱਬ ਨੂੰ ਸੁਣਨ ਨਾ਼ਲ ਮਨ ਨੂੰ ਨਵੇਂ ਸਿਰੋਂ ਸਾਜਣ, ਪਾਲਣ ਤੇ ਉਸ ਤੇ ਰਾਜ ਕਰਨ ਵਾਲੀ ਸ਼ਕਤੀ ਮਿ਼ਲਦੀ ਹੈ

## ਸੁਣਿਐ ਮੁਖਿ ਸਾਲਾਹਣ ਮੰਦੁ ॥

ਗੁਰੂ ਦੇ ਰੱਬੀ ਗਿਆਨ ਨੂੰ ਸੁਣਨ ਨਾ਼ਲ ਮੰਦੇ ਪਾਸੇ ਜਾਂਦਾ ਹੋਇਆ ਮਨ ਵੀ ਰੱਬੀ ਗੁਣਾਂ ਵੱਲ ਮੁੜਦਾ ਹੈ

## ਸੁਣਿਐ ਜੋਗ ਜੁਗਤਿ ਤਨਿ ਭੇਦ ॥

ਅੰਦਰ ਵੱਸਦੇ ਸਤਿਗੁਰੂ ਨੂੰ ਸੁਣਨ ਨਾ਼ਲ ਇੱਕ ਪ੍ਰਭੂ ਨਾਲ ਇਸ ਮਨ ਦੇ ਇਕਮਿਕ ਹੋਣ ਦਾ ਭੇਤ/ਰਾਹ ਮਿ਼ਲਦਾ ਹੈ

## ਸੁਣਿਐ ਸਾਸਤ ਸਿਮ੍ਰਿਤਿ ਵੇਦ ॥

ਰੱਬੀ ਹੁਕਮ ਨੂੰ ਸੁਣਨ ਨਾ਼ਲ ਸੁਰਤ ਵਿੱਚ ਸਚਿਆਰ ਹੋ ਕੇ ਜੀਊਣ ਵਾ਼ਲਾ ਉੱਚਾ ਗਿਆਨ/ਜੀਵਨ ਜਾਚ ਆ ਟਿਕਦੀ ਹੈ

## ਨਾਨਕ ਭਗਤਾ ਸਦਾ ਵਿਗਾਸੁ ॥

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੯॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾ਼ਲ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਸੁਣਿਐ ਸਤੁ ਸੰਤੋਖੁ ਗਿਆਨੁ ॥

ਰੱਬੀ ਹੁਕਮ ਨੂੰ ਸੁਣਨ (ਜੀਊਣ) ਨਾ਼ਲ ਅੰਦਰ ਸੱਚ ਤੇ ਸੰਤੋਖ ਵਿੱਚ ਜੀਊਣ ਦੀ ਮੱਤ ਆਉਂਦੀ ਹੈ

## ਸੁਣਿਐ ਅਠਸਠਿ ਕਾ ਇਸਨਾਨੁ ॥

ਪ੍ਰਭੂ/ਸਤਿਗੁਰੂ ਦੀ ਗੱਲ ਸੁਣਨ ਨਾਲ਼ ਅੰਦਰ ਹੀ ਮਨ ਸਾਰੇ (ਗਿਆਨ ਦੇ) ਤੀਰਥਾਂ ਦਾ ਇਸ਼ਨਾਨ ਕਰਦਾ ਹੈ

## ਸੁਣਿਐ ਪੜਿ ਪੜਿ ਪਾਵਹਿ ਮਾਨੁ ॥

ਗੁਰੂ ਨੂੰ ਸੁਣ ਕੇ ਮਨ ਅਪਣੇ ਅੰਦਰ ਨੂੰ ਪੜ੍ਹ/ਖੋਜ ਕੇ ਸਚਿਆਰ/ਪਵਿੱਤਰ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ

## ਸੁਣਿਐ ਲਾਗੈ ਸਹਜਿ ਧਿਆਨੁ ॥

ਅੰਦਰਲੇ ਰੱਬ/ਗੁਰੂ ਦੇ ਹੁਕਮ ਨੂੰ ਸੁਣ ਕੇ ਮਨ ਸਹਿਜੇ ਹੀ ਹਰ ਵੇਲ਼ੇ ਪ੍ਰਭੂ ਦੇ ਧਿਆਨ 'ਚ ਰਹਿੰਦਾ ਹੈ

## ਨਾਨਕ ਭਗਤਾ ਸਦਾ ਵਿਗਾਸੁ ॥

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਸੁਣਿਐ ਸਰਾ ਗੁਣਾ ਕੇ ਗਾਹ ॥

ਰੱਬੀ ਹੁਕਮ ਨੂੰ ਸੁਣਨ/ਦ੍ਰਿੜ ਕਰਨ ਨਾਲ਼ ਅੰਦਰ ਬੇਅੰਤ ਗੁਣਾਂ ਦੀ ਸੋਝੀ ਆਉਂਦੀ ਹੈ

## ਸੁਣਿਐ ਸੇਖ ਪੀਰ ਪਾਤਿਸਾਹ ॥

ਸਤਿਗੁਰੂ/ਪ੍ਰਭੂ ਦੇ ਹੁਕਮ ਨੂੰ ਸੁਣਨ (ਜੀਵਨ 'ਚ ਧਾਰਣ ਕਰਨ) ਨਾਲ਼ ਅਸੀਂ ਅੰਦਰੋਂ ਗੁਣਾਂ ਕਰਕੇ ਅਮੀਰ ਤੇ ਉੱਚੇ ਹੁੰਦੇ ਹਾਂ

## ਸੁਣਿਐ ਅੰਧੇ ਪਾਵਹਿ ਰਾਹੁ ॥

ਗਿਆਨ ਗੁਰੂ ਨੂੰ ਸੁਣ/ਦ੍ਰਿੜ ਕਰਕੇ ਵਿਕਾਰਾਂ 'ਚ ਅੰਨ੍ਹਾਂ ਹੋਇਆ ਮਨ ਵੀ ਸਹੀ ਰਾਹ 'ਤੇ ਪੈ ਜਾਂਦਾ ਹੈ

## ਸੁਣਿਐ ਹਾਥ ਹੋਵੈ ਅਸਗਾਹੁ ॥

ਰੱਬੀ ਹੁਕਮ ਨੂੰ ਸੁਣਨ (ਜੀਊਣ) ਨਾਲ਼ ਸਾਡੇ ਮਨ ਨੂੰ ਵਿਕਾਰਾਂ ਦੇ ਸਮੁੰਦਰ 'ਚ ਗਿਆਨ ਗੁਰੂ ਦਾ ਹੱਥ/ਸਹਾਰਾ ਮਿਲ਼ ਜਾਂਦਾ ਹੈ

## ਨਾਨਕ ਭਗਤਾ ਸਦਾ ਵਿਗਾਸੁ ॥

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੧੧॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਮੰਨੇ ਕੀ ਗਤਿ ਕਹੀ ਨ ਜਾਇ ॥

ਰੱਬੀ ਹੁਕਮ ਨੂੰ ਮੰਨਣ ਨਾਲ਼ ਜੋ ਮੁਕਤੀ/ਅੰਦਰਲੀ ਸੁੰਦਰਤਾ ਮਿਲ਼ਦੀ ਹੈ ਉਹ ਕਹਿਣ (ਗੱਲਾਂਬਾਤਾਂ) ਨਾਲ਼ ਪ੍ਰਾਪਤ ਨਹੀਂ ਹੁੰਦੀ

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਅੰਦਰਲੀ ਪਵਿੱਤਰਤਾ ਗੱਲਾ ਨਾਲ਼ ਲੈਣ ਬਾਰੇ ਕਹਿੰਦਾ ਹੈ ਤਾਂ ਸਫਲ ਨਹੀਂ ਹੁੰਦਾ

## ਕਾਗਦਿ ਕਲਮ ਨ ਲਿਖਣਹਾਰੁ ॥

ਤੇ ਨਾ ਹੀ ਕਾਗਜ਼ ਤੇ ਕਲਮ ਲੈ ਕੇ ਲਿਖੇ ਬਾਹਰੀ ਗਿਆਨ ਨਾਲ਼ ਅੰਦਰਲੀ ਮੁਕਤੀ ਹੋਣੀ ਹੈ

## ਮੰਨੇ ਕਾ ਬਹਿ ਕਰਨਿ ਵੀਚਾਰੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਦਾ ਮਨ ਤਾਂ ਸਦਾ ਅਪਣੇ ਅੰਦਰ ਹੀ ਬਹਿ/ਟਿਕ ਕੇ ਗਿਆਨ ਗੁਰੂ ਦੀ ਵਿਚਾਰ ਕਰਦਾ ਹੈ

## ਐਸਾ ਨਾਮੁ ਨਿਰੰਜਨੁ ਹੋਇ ॥

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

## ਮੰਨੈ ਸੁਰਤਿ ਹੋਵੈ ਮਨਿ ਬੁਧਿ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਨਾਲ਼ ਅਪਣੇ ਮਨ ਅਤੇ ਅਕਲ ਦੀ ਸੁਰਤ/ਸੰਭਾਲ਼ ਕਰਨੀ ਆ ਜਾਂਦੀ ਹੈ

## ਮੰਨੈ ਸਗਲ ਭਵਣ ਕੀ ਸੁਧਿ ॥

ਰੱਬੀ ਹੁਕਮ ਨੂੰ ਮੰਨਣ ਨਾਲ਼ ਅਪਣੇ ਅੰਦਰ ਦੇ ਸਾਰੇ ਸੰਸਾਰ/ਪਸਾਰੇ ਦੀ ਸੁਧ/ਸਮਝ ਆਉਂਦੀ ਹੈ

## ਮੰਨੈ ਮੁਹਿ ਚੋਟਾ ਨਾ ਖਾਇ ॥

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਅੰਦਰਲੇ ਵਿਕਾਰਾਂ ਹੱਥੀ ਲੁੱਟੇ-ਮਾਰੇ ਨਹੀਂ ਜਾਂਦੇ

## ਮੰਨੈ ਜਮ ਕੈ ਸਾਥਿ ਨ ਜਾਇ ॥

ਅੰਦਰਲੇ ਪ੍ਰਭੂ ਦੀ ਗੱਲ ਮੰਨਣ ਵਾਲ਼ੇ ਵਿਕਾਰਾਂ ਦਾ ਸਾਥ ਨਹੀਂ ਕਰਦੇ

## ਐਸਾ ਨਾਮੁ ਨਿਰੰਜਨੁ ਹੋਇ ॥

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

## ਮੰਨੈ ਮਾਰਗਿ ਠਾਕ ਨ ਪਾਇ ॥

ਰੱਬੀ ਹੁਕਮ ਨੂੰ ਮੰਨਣ ਨਾਲ਼ (ਸਚਿਆਰ/ਪਵਿੱਤਰ ਹੋਣ ਵਾਲ਼ੇ) ਰਾਹ ਵਿੱਚ (ਵਿਕਾਰਾਂ ਵੱਲੋਂ) ਕੋਈ ਰੁਕਾਵਟ ਨਹੀਂ ਪੈਂਦੀ

## ਮੰਨੈ ਪਤਿ ਸਿਉ ਪਰਗਟੁ ਜਾਇ ॥

ਰੱਬੀ ਹੁਕਮ ਨੂੰ ਮੰਨਣ ਨਾਲ਼ ਸਾਡਾ ਮਨ ਅੰਦਰ ਵੱਸਦੇ ਪ੍ਰਭੂ ਦੇ ਸਾਮ੍ਹਣੇ ਹਰ ਵੇਲ਼ੇ ਪੱਤ/ਗੁਣ ਲੈ ਕੇ ਪਰਗਟ/ਪੇਸ਼ ਹੁੰਦਾ ਹੈ

## ਮੰਨੈ ਮਗੁ ਨ ਚਲੈ ਪੰਥੁ ॥

ਅਪਣੇ ਅੰਦਰ ਵੱਸਦੇ ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਬਾਹਰੀ ਧਾਰਮਕ ਵਿਖਾਵਿਆਂ ਵਾਲ਼ੇ ਰਾਹ 'ਤੇ ਨਹੀਂ ਚੱਲਦਾ

## ਮੰਨੈ ਧਰਮ ਸੇਤੀ ਸਨਬੰਧੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਮਨ ਹੀ ਅੰਦਰੋਂ ਧਰਮ/ਪਵਿੱਤਰਤਾ ਨਾਲ਼ ਰਿਸ਼ਤਾ ਬਣਾਉਂਦਾ ਹੈ

## ਐਸਾ ਨਾਮੁ ਨਿਰੰਜਨੁ ਹੋਇ ॥

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

## ਮੰਨੈ ਪਾਵਹਿ ਮੋਖੁ ਦੁਆਰੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਅਪਣੇ ਅੰਦਰ ਵਿਕਾਰਾਂ/ਕੂੜ ਤੋਂ ਮੁਕਤੀ/ਛੁਟਕਾਰੇ ਦਾ ਰਾਹ ਰੱਬੀ ਗਿਆਨ 'ਚ ਲੱਭ ਲੈਂਦਾ ਹੈ

## ਮੰਨੈ ਪਰਵਾਰੈ ਸਾਧਾਰੁ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਅਪਣੇ ਸਾਰੇ ਅੰਦਰਲੇ ਪਰਿਵਾਰ -ਸੁਰਤ,ਮਨ ਤੇ ਮੱਤ- ਦਾ ਸੁਧਾਰ ਕਰ ਲੈਂਦਾ ਹੈ

## ਮੰਨੈ ਤਰੈ ਤਾਰੇ ਗੁਰੁ ਸਿਖ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਗਿਆਨ ਵੱਲ ਮੁੱਖ/ਅਮਲ ਕਰਕੇ ਖੁਦ ਵਿਕਾਰਾਂ ਤੋਂ ਨਿਕਲ਼ਦਾ ਹੈ ਤੇ ਅਪਣੀ ਸਾਰੀ ਸੋਚ ਤੇ ਵਿਚਾਰਾਂ ਨੂੰ ਵੀ ਬਚਾ ਲੈਂਦਾ ਹੈ

## ਮੰਨੈ ਨਾਨਕ ਭਵਹਿ ਨ ਭਿਖ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਹੁਣ ਬਾਹਰਲੇ ਪਦਾਰਥਾਂ/ਸੁੱਖਾਂ 'ਚ ਮੁਕਤੀ ਨਹੀਂ ਮੰਗਦਾ/ਲੱਭਦਾ ਫਿਰਦਾ

## ਐਸਾ ਨਾਮੁ ਨਿਰੰਜਨੁ ਹੋਇ ॥

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

## ਪੰਚ ਪਰਵਾਣ ਪੰਚ ਪਰਧਾਨੁ ॥

ਜੋ ਰੱਬੀ ਹੁਕਮ ਨੂੰ ਸੁਣ/ਮੰਨ ਲੈਂਦਾ ਹੈ ਉਹ (ਪੰਚ) ਹੀ ਰੱਬ ਨੂੰ ਪਰਵਾਣ ਹੈ ਤੇ ਓਹੀ ਮਨ ਸਾਡੀ ਅਗਵਾਈ ਕਰਨ ਦੇ ਕਾਬਲ ਬਣਦਾ ਹੈ

## ਪੰਚੇ ਪਾਵਹਿ ਦਰਗਹਿ ਮਾਨੁ ॥

ਹੁਕਮ ਨੂੰ ਮੰਨ ਕੇ ਪੰਚ ਹੋਇਆ ਮਨ ਹੀ ਸਦਾ ਅੰਦਰ ਵੱਸਦੇ ਪ੍ਰਭੂ ਦੀ ਦਰਗਾਹ ਵਿੱਚ ਕਿਰਪਾ/ਗੁਣਾਂ ਦਾ ਮਾਣ ਲੈਂਦਾ ਹੈ

## ਪੰਚੇ ਸੋਹਹਿ ਦਰਿ ਰਾਜਾਨੁ ॥

ਹੁਕਮ ਨੂੰ ਮੰਨਣ (ਅਮਲ ਕਰਣ) ਵਾਲ਼ਾ ਮਨ (ਰਾਜਾ) ਹੀ ਰੱਬ ਦੇ ਦਰ 'ਤੇ ਗੁਣਾਂ ਨਾਲ਼ ਸੱਜਿਆ ਸੋਹਣਾ ਲੱਗਦਾ ਹੈ

## ਪੰਚਾ ਕਾ ਗੁਰੁ ਏਕੁ ਧਿਆਨੁ ॥

ਹੁਕਮ ਮੰਨਣ ਵਾਲਿਆਂ ਦਾ ਇੱਕ ਵੱਡਾ ਗੁਣ/ਗੁਰ ਇਹ ਹੈ ਕਿ ਉਨ੍ਹਾਂ ਦਾ ਧਿਆਨ ਸਦਾ ਅੰਦਰ ਵੱਸਦੇ ਪ੍ਰਭੂ ਵੱਲ ਹੈ

## ਜੇ ਕੋ ਕਹੈ ਕਰੈ ਵੀਚਾਰੁ ॥

ਜੋ ਕੋਈ ਵੀ ਰੱਬੀ ਹੁਕਮ ਨੂੰ ਕਹਿੰਦਾ-ਕਰਦਾ (ਜੀਵਨ ਵਿੱਚ ਦ੍ਰਿੜ ਕਰਦਾ) ਹੈ

## ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਉਹ ਇਹ ਜਾਣਦਾ ਹੈ ਕਿ ਇਹ ਸਾਰੀ ਬੇਸ਼ੁਮਾਰ ਦਾਤ ਕਰਤੇ ਪੁਰਖ ਦੀ ਹੈ (ਮਨ ਦੀ ਮੱਤ ਨਾਲ਼ ਇਹ ਬਖਸ਼ਿਸ਼ ਨਹੀਂ ਮਿਲ਼ਦੀ)

## ਧੌਲੁ ਧਰਮੁ ਦਇਆ ਕਾ ਪੂਤੁ ॥

ਹੁਕਮ ਨੂੰ ਦ੍ਰਿੜ ਕਰਣ ਨਾਲ਼ ਮਨ ਅਪਣੇ ਅੰਦਰਲੇ ਹਲਾਤ ਤੇ ਦਇਆ/ਤਰਸ ਕਰਦਾ ਹੈ ਤੇ ਇਸ ਦਇਆ 'ਚੋਂ ਇਹ ਖਿਆਲ ਪੈਦਾ ਹੁੰਦਾ ਹੈ ਕਿ ਜੀਵਨ ਨੂੰ ਧਰਮ (ਸੁਚੱਜੇ ਜੀਵਨ ਦੀ ਰਾਹ) ਦਾ ਸਹਾਰਾ ਦਿੱਤਾ ਜਾਵੇ

## ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਗੁਰੂ ਗਿਆਨ/ਹੁਕਮ ਵਾਲ਼ੇ ਉਸ ਰਾਹ (ਧਰਮ) 'ਚੋਂ ਮਿਲ਼ਿਆ ਸੰਤੋਖ ਦਾ ਗੁਣ ਹੀ ਮਨ ਨੂੰ ਕੂੜ/ਵਿਕਾਰਾਂ 'ਚ ਡਿੱਗਣ-ਡੋਲਣ ਤੋਂ ਬਚਾਉਂਦਾ ਹੈ

## ਜੇ ਕੋ ਬੁਝੈ ਹੋਵੈ ਸਚਿਆਰੁ ॥

ਜੇ ਕੋਈ ਐਸੇ ਧਰਮ (ਸੁਚੱਜੀ ਜੀਵਨ ਜਾਚ) ਦੀ ਸਮਝ ਅਪਣੇ ਅੰਦਰ ਵਸਾ (ਦ੍ਰਿੜ ਕਰ) ਲੈਂਦਾ ਹੈ ਤਾਂ ਉਹ ਸਚਿਆਰ (ਰੱਬ ਰੂਪ) ਹੋ ਜਾਂਦਾ ਹੈ

## ਧਵਲੈ ਉਪਰਿ ਕੇਤਾ ਭਾਰੁ ॥

ਖੁਦ 'ਤੇ ਇਹ ਦਇਆ ਓਦੋਂ ਹੀ ਹੁੰਦੀ ਹੈ ਜਦ ਜਾਣ ਲਈਏ ਕਿ ਮਨ ਦੀ ਧਰਤੀ ਵਿਕਾਰਾਂ ਨਾਲ਼ ਕਿੰਨੀ ਭਾਰੀ ਹੋਈ ਪਈ ਹੈ

## ਧਰਤੀ ਹੋਰੁ ਪਰੈ ਹੋਰੁ ਹੋਰੁ ॥

ਕਿਤੇ ਇੱਕ ਨਹੀਂ, ਸਗੋਂ ਅੱਗੇ ਤੋਂ ਅੱਗੇ ਇਹ ਵਿਕਾਰਾਂ/ਬੁਰਾਈਆਂ ਦਾ ਪਸਾਰਾ ਸਾਡੇ ਅੰਦਰ ਭਰਿਆ ਪਿਆ ਹੈ

## ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਤੇ ਇਸ ਸਾਰੇ ਭਾਰ ਨੂੰ ਸੰਭਾਲਣ (ਦੂਰ ਕਰਨ) ਲਈ ਅਸੀਂ ਕੀਹਦਾ ਸਹਾਰਾ ਲਿਆ ਹੈ? (ਕੋਈ ਵੀ ਨਹੀਂ। ਜਿਸ ਕਰਕੇ ਹਰ ਵੇਲ਼ੇ ਮਨ ਦੁੱਖਾਂ-ਫਿਕਰਾਂ-ਵਿਕਾਰਾਂ 'ਚ ਡੋਲਦਾ ਫਿਰਦਾ ਹੈ)

## ਜੀਅ ਜਾਤਿ ਰੰਗਾ ਕੇ ਨਾਵ ॥

ਅੰਦਰ ਅਨੇਕਾਂ ਹੀ ਭਾਂਤਾਂ ਦੇ ਗੁਣ/ਔਗੁਣਾਂ ਵਾਲੇ ਉੱਚੇ-ਨੀਵੇਂ ਜੀਵਨ ਅਸੀਂ ਜੀਊਂਦੇ-ਮਰਦੇ ਰਹਿੰਦੇ ਹਾਂ

## ਸਭਨਾ ਲਿਖਿਆ ਵੁੜੀ ਕਲਾਮ ॥

(ਹੁਕਮ ਨੂੰ ਮੰਨਣ ਵਾਲ਼ਾ ਇਹ ਸਭ ਵਿਚਾਰ ਕੇ) ਅਪਣੇ ਅੰਦਰ ਸੁਰਤ-ਮੱਤ-ਮਨ ਉੱਤੇ ਅੰਦਰਲੇ ਪ੍ਰਭੂ/ਗੁਰੂ ਦੇ ਨਿਰੰਤਰ ਚੱਲਦੇ ਗਿਆਨ ਨਾਲ਼ ਲਿਖਦਾ (ਬਦਲਾਅ ਕਰਦਾ) ਹੈ

## ਏਹੁ ਲੇਖਾ ਲਿਖਿ ਜਾਣੈ ਕੋਇ ॥

ਜਹਿੜਾ ਵੀ ਇੰਝ ਅਪਣੇ ਅੰਦਰ ਲਿਖਣਾ (ਬਦਲਾਅ ਕਰਨਾ) ਜਾਣ ਲੈਂਦਾ ਹੈ

## ਲੇਖਾ ਲਿਖਿਆ ਕੇਤਾ ਹੋਇ ॥

ਉਸਦੇ ਅੰਦਰ ਦਾ ਸੰਸਾਰ ਬੇਅੰਤ ਗੁਣਾਂ ਨਾਲ਼ ਨਿਰੰਤਰ ਕਈ ਗੁਣਾ ਸੋਹਣਾ ਹੁੰਦਾ ਜਾਂਦਾ ਹੈ

## ਕੇਤਾ ਤਾਣੁ ਸੁਆਲਿਹੁ ਰੂਪੁ ॥

ਉਸਦੇ ਅੰਦਰ ਰੱਬੀ ਗੁਣਾਂ ਦੀ ਤਾਕਤ ਸੁਰਤ-ਮੱਤ-ਮਨ ਨੂੰ ਸੋਹਣਾ ਰਪ ਦੇਂਦੀ ਹੈ

## ਕੇਤੀ ਦਾਤਿ ਜਾਣੈ ਕੌਣੁ ਕੂਤੁ ॥

ਕਿਸੇ 'ਚ ਐਨੀਂ ਕੁੱਵਤ/ਸ਼ਕਤੀ ਨਹੀਂ ਕਿ ਅੰਦਾਜ਼ਾ ਲਗਾ ਸਕੇ ਕਿ ਰੱਬੀ ਹੁਕਮ 'ਚ ਅੰਦਰੋਂ ਖੁਦ ਨੂੰ ਸਵਾਰਨ ਵਾਲ਼ੇ ਚੰਗੇ ਗੁਣਾਂ ਦੀਆਂ ਕਿੰਨੀਆਂ ਦਾਤਾਂ ਪ੍ਰਭੂ ਕੋਲੋਂ ਲਈ ਜਾਂਦੇ ਨੇ

## ਕੀਤਾ ਪਸਾਉ ਏਕੋ ਕਵਾਉ ॥

ਇਹ ਸਾਰਾ ਅੰਦਰਲੀ ਸੁਰਤ ਦਾ ਸੋਹਣਾ ਪਸਾਰਾ ਕੇਵਲ ਇੱਕ ਹੁਕਮ (ਰੱਬੀ ਅਵਾਜ਼) ਨੂੰ ਮੰਨਣ (ਜੀਵਨ 'ਚ ਉਤਾਰਨ) ਨਾਲ਼ ਹੁੰਦਾ ਹੈ

## ਤਿਸ ਤੇ ਹੋਏ ਲਖ ਦਰੀਆਉ ॥

ਇੱਕ ਹੁਕਮ ਨੂ ਮੰਨਣ ਵਿੱਚੋਂ ਹੀ (ਮਨ ਦੀ ਧਰਤੀ ਨੂੰ ਗੁਣਾਂ ਨਾਲ਼ ਭਰਣ/ਸਿੰਜਣ ਲਈ) ਅੰਦਰ ਚੰਗੀ ਸੋਚ ਦੇ ਲੱਖਾਂ ਹੀ ਦਰਿਆ/ਪ੍ਰਵਾਹ ਚੱਲ ਪੈਂਦੇ ਨੇ

## ਕੁਦਰਤਿ ਕਵਣ ਕਹਾ ਵੀਚਾਰੁ ॥

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

## ਵਾਰਿਆ ਨ ਜਾਵਾ ਏਕ ਵਾਰ ॥

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਮੇਰੇ ਮਨਾ! ਤੂੰ (ਰੱਬੀ ਹੁਕਮ ਨੂੰ ਮੰਨ ਕੇ) ਨਿਰੰਕਾਰ (ਰੱਬੀ ਸੁਭਾਅ) ਨੂੰ ਅਪਣੇ ਅੰਦਰ ਸਦਾ ਸਲਾਮਤ ਰੱਖਿਆ ਕਰ

## ਅਸੰਖ ਜਪ ਅਸੰਖ ਭਾਉ ॥

(ਜਦ ਮਨ ਰੱਬੀ ਗਿਆਨ ਨੂੰ ਧਾਰਣ ਕਰਕੇ ਅਪਣੀ ਸੋਚ ਨੂੰ ਉੱਚਾ ਚੁਕਦਾ ਹੈ ਤਾਂ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਚੰਗੇ ਤੇ ਮਾੜੇ - ਦੋਵੇਂ ਤਰ੍ਹਾਂ ਦੇ ਕਰਮ ਕਰਨ ਦੀ ਅਪਾਰ ਤਾਕਤ ਹੈ। ਫਿਰ ਮਨ ਜਾਣਦਾ ਹੈ ਕਿ) ਮੇਰੇ ਅੰਦਰ ਹੀ ਅਨਗਿਣਤ (ਚੰਗੇ-ਮਾੜੇ) ਜਪ/ਧਿਆਨ ਚੱਲ ਰਹੇ ਨੇ ਤੇ ਅਨਗਿਣਤ ਤਰ੍ਹਾ ਦੇ ਪਿਆਰ ਵੀ ਅੰਦਰ ਪਲ਼ ਰਹੇ ਨੇ

## ਅਸੰਖ ਪੂਜਾ ਅਸੰਖ ਤਪ ਤਾਉ ॥

ਅਨੇਕਾਂ ਹੀ ਖਿਆਲਾਂ-ਚੀਜ਼ਾਂ ਦੀ ਮਨ ਪੂਜਾ (ਖੁਦ ਨੂੰ ਸੌਂਪਣਾ) ਕਰੀ ਜਾਂਦਾ ਹੈ, ਤੇ ਅਨਗਿਣਤ ਚਾਹਤਾਂ ਲਈ ਖੁਦ ਨੂੰ ਤਪ/ਔਖੇ ਰਾਹਾਂ ਤੇ ਲੈ ਕੇ ਜਾਣ ਦੀ ਬੇਅੰਤ ਸ਼ਕਤੀ ਵੀ ਅੰਦਰ ਹੈ

## ਅਸੰਖ ਗਰੰਥ ਮੁਖਿ ਵੇਦ ਪਾਠ ॥

ਬੇਅੰਤ ਹੀ ਸ਼ਕਤੀ ਇਸ ਮਨ ਅੰਦਰ ਅਨੇਕਾਂ ਗ੍ਰੰਥਾਂ ਨੂੰ ਪੜ੍ਹਨ (ਗਿਆਨ ਲੈਣ) ਦੀ ਵੀ ਹੈ

## ਅਸੰਖ ਜੋਗ ਮਨਿ ਰਹਹਿ ਉਦਾਸ ॥

ਇਸ ਮਨ ਅੰਦਰ ਬੇਅੰਤ ਤਾਕਤ ਹੈ ਖੁਦ ਨੂੰ ਕਿਸੇ ਖਾਸ ਮਕਸਦ ਲਈ ਆਦਤਾਂ/ਚੀਜ਼ਾਂ ਤੋਂ ਉਦਾਸ/ਅਲੱਗ ਕਰਣ ਦੀ

## ਅਸੰਖ ਭਗਤ ਗੁਣ ਗਿਆਨ ਵੀਚਾਰ ॥

ਅੰਦਰ ਹੀ ਰੱਬੀ ਗੁਣਾਂ ਦੀ ਸਮਝ ਲੈ ਕੇ ਉਨ੍ਹਾਂ ਦੀ ਵਿਚਾਰ (ਜੀਵਨ 'ਚ ਧਾਰਣ ਕਰਨ) ਦੀ ਵੀ ਸਮਰੱਥਾ ਹੈ

## ਅਸੰਖ ਸਤੀ ਅਸੰਖ ਦਾਤਾਰ ॥

ਮੇਰੇ ਅੰਦਰ ਚੰਗੇ ਆਚਰਣ ਨੂੰ ਧਾਰਣ ਕਰਨ 'ਤੇ ਲਾਲਚ ਛੱਡ ਕੇ ਸਭ ਕੁਝ ਦਾਨ ਕਰ ਦੇਣ ਦੀ ਵੀ ਅਸੀਮ ਤਾਕਤ ਹੈ

## ਅਸੰਖ ਸੂਰ ਮੁਹ ਭਖ ਸਾਰ ॥

ਔਖੇ ਤੋਂ ਔਖੇ ਸਮੇਂ ਵਿੱਚ ਬਹਾਦੁਰੀ ਨਾਲ਼ ਜੂਝਣ ਦੀ ਵੀ ਬੇਸ਼ੁਮਾਰ ਤਾਕਤ ਮੇਰੇ ਅੰਦਰ ਹੀ ਹੈ

## ਅਸੰਖ ਮੋਨਿ ਲਿਵ ਲਾਇ ਤਾਰ ॥

ਰੱਬੀ ਹੁਕਮ ਨੂੰ ਸਮਰਪਿਤ ਮਨ ਜਾਣਦਾ ਹੈ ਕਿ ਮੇਰੇ ਅੰਦਰ ਅਨਗਿਣਤ ਸ਼ਕਤੀਆਂ ਨੇ ਖੁਦ ਨੂੰ ਸ਼ਾਂਤ ਕਰਕੇ ਧਿਆਨ ਵਿੱਚ ਬੈਠਣ ਦੀਆਂ

## ਕੁਦਰਤਿ ਕਵਣ ਕਹਾ ਵੀਚਾਰੁ ॥

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

## ਵਾਰਿਆ ਨ ਜਾਵਾ ਏਕ ਵਾਰ ॥

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਮੇਰੇ ਮਨਾ! ਤੂੰ (ਰੱਬੀ ਹੁਕਮ ਨੂੰ ਮੰਨ ਕੇ) ਨਿਰੰਕਾਰ (ਰੱਬੀ ਸੁਭਾਅ) ਨੂੰ ਅਪਣੇ ਅੰਦਰ ਸਦਾ ਸਲਾਮਤ ਰੱਖਿਆ ਕਰ

## ਅਸੰਖ ਮੂਰਖ ਅੰਧ ਘੋਰ ॥

ਰੱਬੀ ਹੁਕਮ 'ਚ ਜੀਊਣ ਵਾਲ਼ੇ ਨੂੰ ਸਮਝ ਪੈਂਦੀ ਹੈ ਕਿ ਮੇਰੇ ਮਨ ਅੰਦਰ ਬੇਹੱਦ ਮੂਰਖਤਾ ਵਿੱਚ ਘੋਰ ਅੰਨ੍ਹੇ (ਬੁਰਾਈਆਂ ਦੇ) ਰਾਹ 'ਤੇ ਪੈਣ ਦੇ ਬੇਅੰਤ ਔਗਣ ਵੀ ਨੇ

## ਅਸੰਖ ਚੋਰ ਹਰਾਮਖੋਰ ॥

ਇਸ ਮਨ ਅੰਦਰ ਚੋਰੀਆਂ ਤੇ ਹਰਾਮਖੋਰੀਆਂ ਕਰਨ ਦੀਆਂ ਵੀ ਬੇਸ਼ੁਮਾਰ ਆਦਤਾਂ ਭਰੀਆਂ ਹੋਈਆਂ ਨੇ

## ਅਸੰਖ ਅਮਰ ਕਰਿ ਜਾਹਿ ਜੋਰ ॥

ਮੇਰੇ ਅੰਦਰ ਖੁਦ ਤੇ ਦੂਜਿਆਂ ਨਾਲ਼ ਧੱਕਾ/ਧੋਖਾ ਕਰਨ ਦੀਆ ਵੀ ਬੇਅੰਤ ਸ਼ਕਤੀਆਂ ਨੇ

## ਅਸੰਖ ਗਲਵਢ ਹਤਿਆ ਕਮਾਹਿ ॥

ਅੰਦਰ ਹੀ ਬੇਅੰਤ ਔਗੁਣ ਨੇ ਜਿਨ੍ਹਾਂ ਨਾਲ਼ ਅਸੀਂ ਅਪਣੀ ਅੰਤਰਾਤਮਾ (ਚੰਗਿਆਈ) ਦੀ ਹੱਤਿਆ/ਕਤਲ ਕਰਦੇ ਹਾਂ (ਉਸਨੂੰ ਸੁਣਨਾ ਬੰਦ ਕਰਦ ਦੇਂਦੇ ਹਾਂ)

## ਅਸੰਖ ਪਾਪੀ ਪਾਪੁ ਕਰਿ ਜਾਹਿ ॥

ਬੇਅੰਤ ਹੀ ਪਾਪ (ਬੁਰੇ ਖਿਆਲ) ਮੇਰੇ ਅੰਦਰ ਭਰੇ ਹੋਏ ਨੇ ਜਿਨ੍ਹਾਂ ਨਾਲ਼ ਮੈਂ ਅੰਦਰਲੇ ਪ੍ਰਭੂ ਦੀ ਅਵਾਜ਼ ਨੂੰ ਮਾਰ ਕੇ ਗੁਨਾਹ ਕਰੀ ਜਾਂਦਾ ਹਾਂ

## ਅਸੰਖ ਕੂੜਿਆਰ ਕੂੜੇ ਫਿਰਾਹਿ ॥

ਮੇਰੇ ਅੰਦਰ ਕੂੜ (ਵਿਕਾਰਾਂ) ਨਾਲ਼ ਭਰਿਆ ਮਨ ਨਿੱਤ ਵਿਕਾਰਾਂ ਵਿੱਚ ਬੁਰੇ ਕਰਮ ਕਰੀ ਜਾਂਦਾ ਹੈ

## ਅਸੰਖ ਮਲੇਛ ਮਲੁ ਭਖਿ ਖਾਹਿ ॥

ਅੰਦਰ ਅਨਗਿਣਤ ਹੀ ਮੈਲ਼ੇ ਔਗਣ ਨੇ ਜਿਨ੍ਹਾਂ ਨੇ ਮੈਨੂੰ ਬੁਰਾਈਆਂ ਦੇ ਚਸਕਿਆਂ 'ਚ ਪਾ ਕੇ ਉਨ੍ਹਾਂ 'ਚ ਹੀ ਖੱਚਤ ਕੀਤਾ ਹੋਇਆ ਹੈ

## ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

ਅਨਗਿਣਤ ਕਮਜੋਰੀਆਂ ਮੇਰੇ ਅੰਦਰ ਨੇ ਜੋ ਮੈਨੂੰ ਮੇਰੇ ਚੰਗੇ ਗੁਣਾਂ ਨੂੰ ਦਬਾਉਣ ਵਾ਼ਲਾ ਨਿੰਦਕ ਸੁਭਾਅ ਦੇਂਦੀਆਂ ਨੇ ਜਿਸ ਕਰਕੇ ਮੈਂ ਵਿਕਾਰਾਂ ਦਾ ਭਾਰ ਇਕੱਠਾ ਕਰੀ ਜਾਂਦਾ ਹਾਂ

## ਨਾਨਕੁ ਨੀਚੁ ਕਹੈ ਵੀਚਾਰੁ ॥

ਰੱਬੀ ਗਿਆਨ ਨੂੰ ਵਿਚਾਰਨ ਵਾ਼ਲਾ ਮਨ ਖੁਦ ਦੀ ਇੰਜ ਖੋਜ ਕਰਕੇ ਇਹ ਜਾਣ ਲੈਂਦਾ ਹੈ ਕਿ ਮੇਰੇ ਅੰਦਰ ਨੀਚਤਾ (ਕਮਜੋਰੀਆਂ) ਨੇ, ਤੇ ਮੈਂ ਰੱਬੀ ਹੁਕਮ ਨੂੰ ਦ੍ਰਿੜ ਕਰਕੇ ਇਸ ਤੋਂ ਉੱਪਰ ਉੱਠਣਾ ਹੈ

## ਵਾਰਿਆ ਨ ਜਾਵਾ ਏਕ ਵਾਰ ॥

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਮੇਰੇ ਮਨਾ! ਤੂੰ (ਰੱਬੀ ਹੁਕਮ ਨੂੰ ਮੰਨ ਕੇ) ਨਿਰੰਕਾਰ (ਰੱਬੀ ਸੁਭਾਅ) ਨੂੰ ਅਪਣੇ ਅੰਦਰ ਸਦਾ ਸਲਾਮਤ ਰੱਖਿਆ ਕਰ

## ਅਸੰਖ ਨਾਵ ਅਸੰਖ ਥਾਵ ॥

ਰੱਬੀ ਹੁਕਮ 'ਚ ਜੀਊਣ ਵਾ਼ਲੇ ਨੂੰ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ-ਬਾਹਰ ਰੋਮ ਰੋਮ ਸਾਰੇ ਬੇਅੰਤ ਥਾਂ/ਟਿਕਾਣੇ ਪ੍ਰਭੂ ਦੇ ਹੀ ਨੇ, ਤੇ ਹਰ ਹਿੱਸੇ ਉੱਤੇ ਓਸੇ ਦੇ ਬੇਅੰਤ ਨਿਯਮ/ਹੁਕਮ ਚੱਲ ਰਹੇ ਨੇ

## ਅਗੰਮ ਅਗੰਮ ਅਸੰਖ ਲੋਅ ॥

ਰੱਬੀ ਹੁਕਮ ਨੂੰ ਦ੍ਰਿੜ ਕਰਨ ਵਾਲ਼ੇ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਅੰਦਰ-ਬਾਹਰ ਦੀ ਰਚਨਾ ਦੀਆਂ ਮੇਰੀ ਸਮਝ ਤੋਂ ਪਰੇ ਬੇਅੰਤ ਪਰਤਾਂ ਨੇ

## ਅਸੰਖ ਕਹਹਿ ਸਿਰਿ ਭਾਰੁ ਹੋਇ ॥

ਬੇਅੰਤ ਵਾਰ ਮੇਰਾ ਮਨ ਉਸ ਰਚਨਾ ਦਾ ਅੰਤ ਕਹਿਣ ਦੇ ਜਤਨ ਵਿੱਚ ਸਿਰਫ ਭਾਰ/ਪਛਤਾਵਾ ਹੀ ਲੈ ਕੇ ਰਹਿ ਜਾਂਦਾ ਹੈ

## ਅਖਰੀ ਨਾਮੁ ਅਖਰੀ ਸਾਲਾਹ ॥

ਉਸ ਪ੍ਰਭੂ ਦਾ ਹੁਕਮ ਤੇ ਵਡਿਆਈਆਂ ਦਾ ਕੋਈ ਤੋੜ ਨਹੀਂ ਹੈ (ਅਖਰੀ = ਜੋ ਖਤਮ ਨਾ ਹੋਵੇ)

## ਅਖਰੀ ਗਿਆਨੁ ਗੀਤ ਗੁਣ ਗਾਹ ॥

ਉਸਤੋਂ ਮਿਲਣ ਵਾਲ਼ੇ ਗਿਆਨ ਦੇ ਗੀਤ/ਉਪਦੇਸ਼ ਨੂੰ ਦ੍ਰਿੜ ਕਰਨ ਵਾਲ਼ੇ ਪਵਿੱਤਰ ਮਨ ਦਾ ਵੀ ਕੋਈ ਤੋੜ ਨਹੀਂ

## ਅਖਰੀ ਲਿਖਣੁ ਬੋਲਣੁ ਬਾਣਿ ॥

ਪ੍ਰਭੂ ਦੇ ਹੁਕਮ 'ਚ ਜੀਊਣ ਵਾਲ਼ਾ ਮਨ ਅਪਣੇ ਅੰਦਰ ਨਾ ਖਤਮ ਹੋਣ ਵਾਲ਼ੇ ਸੁਚੱਜੇ ਵਿਚਾਰਾਂ ਨੂੰ ਲਿਖਦਾ-ਬੋਲਦਾ (ਦ੍ਰਿੜ ਕਰਦਾ) ਹੈ

## ਅਖਰਾ ਸਿਰਿ ਸੰਜੋਗੁ ਵਖਾਣਿ ॥

ਅੰਦਰੋਂ ਰੱਬੀ ਅਵਾਜ਼/ਹੁਕਮ ਨੂੰ ਮੰਨ ਕੇ ਉਹ ਪ੍ਰਭੂ ਨਾਲ਼ ਮਿਲਾਪ ਦੇ ਸੰਜੋਗ ਅਪਣੇ ਮੱਥੇ/ਭਾਗਾਂ 'ਚ ਬਣਾਉਂਦਾ ਹੈ

## ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਜੋ ਅਪਣੇ ਅੰਦਰ ਹੁਕਮ ਨੂੰ ਮੰਨ ਕੇ ਚੰਗੇ ਰੱਬੀ ਗੁਣ ਦ੍ਰਿੜ ਕਰਦਾ ਹੈ ਉਸਦੇ ਸਿਰੋਂ (ਮੱਤ ਵਿੱਚੋਂ) ਵਿਕਾਰਾਂ ਦਾ ਭਾਰ ਲੱਥਦਾ ਹੈ

## ਜਿਵ ਫੁਰਮਾਏ ਤਿਵ ਤਿਵ ਪਾਹਿ ॥

ਜਿਵੇਂ ਜਿਵੇਂ ਉਹ ਰੱਬੀ ਗੁਣਾਂ ਨੂੰ ਕਹਿੰਦਾ (ਜੀਵਨ 'ਚ ਉਤਾਰਦਾ) ਹੈ ਤਿਵੇਂ ਤਿਵੇਂ ਹੋਰ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ

## ਜੇਤਾ ਕੀਤਾ ਤੇਤਾ ਨਾਉ ॥

ਤੇ ਇਹ ਸਭ ਪ੍ਰਾਪਤ ਕਰਕੇ (ਲੈ ਕੇ) ਵੀ ਉਹ ਇਹ ਜਾਣਦਾ ਹੈ ਕਿ ਇਹ ਸਭ ਜੋ ਵੀ ਸੋਹਣਾ ਬਦਲਾਅ ਅੰਦਰ ਬਣਿਆ ਹੈ, ਇਹ ਪਰਮਾਤਮਾ ਦੇ ਹੁਕਮ ਕਰਕੇ ਹੀ ਹੈ

## ਵਿਣੁ ਨਾਵੈ ਨਾਹੀ ਕੋ ਥਾਉ ॥

ਪ੍ਰਭੂ ਦੇ ਹੁਕਮ (ਨਾਉ) ਨੂੰ ਮੰਨੇ ਬਿਨਾਂ ਹੋਰ ਕੋਈ ਥਾਂ (ਸਹਾਰਾ) ਨਹੀਂ ਹੈ ਮਨ ਨੂੰ ਟਿਕਾਉਣ ਦਾ

## ਕੁਦਰਤਿ ਕਵਣ ਕਹਾ ਵੀਚਾਰੁ ॥

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

## ਵਾਰਿਆ ਨ ਜਾਵਾ ਏਕ ਵਾਰ ॥

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ ਸਲਾਮਤਿ ਨਿਰੰਕਾਰ ॥੧੯॥

ਮੇਰੇ ਮਨਾ! ਤੂੰ (ਰੱਬੀ ਹੁਕਮ ਨੂੰ ਮੰਨ ਕੇ) ਨਿਰੰਕਾਰ (ਰੱਬੀ ਸੁਭਾਅ) ਨੂੰ ਅਪਣੇ ਅੰਦਰ ਸਦਾ ਸਲਾਮਤ ਰੱਖਿਆ ਕਰ

**ਭਰੀਐ ਹਥੁ ਪੈਰੁ ਤਨੁ ਦੇਹ ॥**

ਜਿਵੇਂ ਸ਼ਰੀਰ ਮੈਲ਼ਾ ਹੋ ਜਾਵੇ ਤਾਂ

**ਪਾਣੀ ਧੋਤੈ ਉਤਰਸੁ ਖੇਹ ॥**

ਪਾਣੀ ਨਾਲ਼ ਉਹ ਮੈਲ਼ ਉਤਾਰੀ ਜਾਂਦੀ ਹੈ

**ਮੂਤ ਪਲੀਤੀ ਕਪੜੁ ਹੋਇ ॥**

ਕਪੜਾ-ਲੀੜਾ ਮੈਲ਼ਾ ਹੋ ਜਾਵੇ ਤਾਂ

**ਦੇ ਸਾਬੂਣੁ ਲਈਐ ਓਹੁ ਧੋਇ ॥**

ਸਾਬਣ-ਪਾਣੀ ਲੈ ਕੇ ਉਸਨੂੰ ਧੋ ਲਿਆ ਜਾਂਦਾ ਹੈ

**ਭਰੀਐ ਮਤਿ ਪਾਪਾ ਕੈ ਸੰਗਿ ॥**

ਇਹ ਮੇਰੀ ਮੱਤ ਪਾਪਾਂ/ਵਿਕਾਰਾਂ ਦੀ ਮੈਲ਼ ਨਾਲ਼ ਭਰੀ ਹੈ

**ਓਹੁ ਧੋਪੈ ਨਾਵੈ ਕੈ ਰੰਗਿ ॥**

ਇਹ ਮੈਲ਼ ਕੇਵਲ ਰੱਬੀ ਹੁਕਮ (ਨਾਉ) ਨੂੰ ਮੰਨ ਕੇ (ਦ੍ਰਿੜ ਕਰਕੇ) ਹੀ ਧੋਤੀ/ਉਤਾਰੀ ਜਾ ਸਕਦੀ ਹੈ

**ਪੁੰਨੀ ਪਾਪੀ ਆਖਣੁ ਨਾਹਿ ॥**

ਸਿਰਫ ਗੱਲਾਂਬਾਤਾਂ ਨਾਲ਼ ਅਸੀਂ ਚੰਗੇ ਜਾਂ ਮਾੜੇ ਨਹੀਂ ਹੋ ਜਾਂਦੇ

## ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥

ਜਿੱਦਾਂ ਜਿੱਦਾਂ ਅਸੀਂ ਅਪਣੇ ਅੰਦਰਲੇ ਵਿਚਾਰਾਂ ਨੂੰ ਬਣਾਈ ਜਾਂਦੇ ਹਾਂ ਓਦਾਂ ਓਦਾਂ ਅਸੀਂ ਅੰਦਰੋਂ ਚੰਗੇ ਜਾਂ ਬੁਰੇ ਬਣਦੇ ਜਾਂਦੇ ਹਾਂ

## ਆਪੇ ਬੀਜਿ ਆਪੇ ਹੀ ਖਾਹੁ ॥

ਮਨ ਦੀ ਧਰਤੀ ਵਿੱਚ ਜੈਸੇ ਵਿਚਾਰ ਬੀਜਦੇ/ਪਾਉਂਦੇ ਹਾਂ, ਓਦਾਂ ਦੇ ਹੀ ਚੰਗੇ-ਮਾੜੇ ਸੁਭਾਅ ਨੂੰ ਮਨ ਖਾਂਦਾ (ਧਾਰਣ ਕਰੀ ਜਾਂਦਾ) ਹੈ

## ਨਾਨਕ ਹੁਕਮੀ ਆਵਹੁ ਜਾਹੁ ॥੨੦॥

ਇਨ੍ਹਾ (ਖੱਟੇ ਹੋਏ) ਸੁਭਾਵਾਂ ਕਰਕੇ ਹੀ ਰੱਬੀ ਨੇਮ/ਹੁਕਮ ਵਿੱਚ ਅਸੀਂ ਅੰਦਰੋਂ ਸੁੱਖ-ਦੱਖ 'ਚ ਪੈਂਦੇ-ਨਿਕਲ਼ਦੇ ਰਹਿੰਦੇ ਹਾਂ

## ਤੀਰਥੁ ਤਪੁ ਦਇਆ ਦਤੁ ਦਾਨੁ ॥

ਬਾਹਰੋਂ ਧਰਮ ਦੇ ਨਾਂਅ 'ਤੇ ਤੀਰਥਾਂ 'ਤੇ ਜਾਣ. ਜਾਂ ਦਇਆ ਵੱਸ ਹੋ ਕੇ ਦਾਨ ਕਰਨ ਵਾਲ਼ਾ ਸੁਭਾਅ

## ਜੇ ਕੋ ਪਾਵੈ ਤਿਲ ਕਾ ਮਾਨੁ ॥

ਜੇ ਦੇਵੇ ਵੀ ਤਾਂ ਬਹੁਤ ਥੋੜਾ ਮਾਣ/ਵਡਿਆਈ ਦੇਂਦਾ ਹੈ (ਕਿਉਂਕਿ ਅੰਦਰੋਂ ਜੇ ਬਦਲਾਅ ਨਹੀਂ ਆਇਆ ਤਾਂ ਸਭ ਵਿਅਰਥ ਹੈ)

## ਸੁਣਿਆ ਮੰਨਿਆ ਮਨਿ ਕੀਤਾ ਭਾਉ ॥

ਪਰ ਜਦੋਂ ਅੰਦਰਲੇ ਪ੍ਰਭੂ ਨੂੰ ਸੁਣ-ਮੰਨ ਕੇ ਉਸ ਤੇ ਪ੍ਰੇਮ/ਭਰੋਸਾ ਕੀਤਾ ਜਾਵੇ ਤਾਂ

## ਅੰਤਰਗਤਿ ਤੀਰਥਿ ਮਲਿ ਨਾਉ ॥

ਅੰਦਰ ਹੀ ਐਸਾ ਤੀਰਥ ਬਣ ਜਾਂਦਾ ਹੈ ਜਿੱਥੇ ਸਾਡਾ ਮਨ ਨਿਰੰਤਰ ਅਪਣੀ ਮੈਲ਼ ਲਾਹੁੰਦਾ ਹੈ

## ਸਭਿ ਗੁਣ ਤੇਰੇ ਮੈ ਨਾਹੀ ਕੋਇ ॥

ਐਸੇ ਮਨ ਨੂੰ ਅਹਿਸਾਸ ਹੁੰਦਾ ਹੈ ਕਿ ਅੰਦਰ ਬੈਠਾ ਰੱਬ ਗੁਣਾਂ ਦਾ ਸਾਗਰ ਹੈ ਤੇ ਮੈਂ ਉਨ੍ਹਾਂ ਗੁਣਾਂ ਤੋਂ ਸੱਖਣਾ ਹਾਂ

## ਵਿਣੁ ਗੁਣ ਕੀਤੇ ਭਗਤਿ ਨ ਹੋਇ ॥

ਤੇ ਜੇ ਮੈਂ ਉਨ੍ਹਾਂ ਰੱਬੀ ਗੁਣਾਂ ਨੂੰ ਧਾਰਣ ਨਹੀਂ ਕੀਤਾ (ਜੀਵਨ 'ਚ ਨਹੀਂ ਉਤਾਰਿਆ) ਤਾਂ ਕੋਈ ਭਗਤੀ ਨਹੀਂ ਹੋਈ (ਬਾਹਰੀ ਤੀਰਥ-ਪੂਜਾ-ਦਾਨ ਭਗਤੀ ਨਹੀਂ ਹੈ)

## ਸੁਅਸਤਿ ਆਥਿ ਬਾਣੀ ਬਰਮਾਉ ॥

ਇੰਜ ਸਮਝ ਕੇ ਮਨ ਸੁਹਣੀ ਬਣਤਰ ਬਣਾਉਣ ਵਾਲ਼ੀ ਬਾਣੀ (ਰੱਬੀ ਅਵਾਜ਼) ਦੀ ਸ਼ਰਨ 'ਚ ਖੁਦ ਨੂੰ ਸੌਂਪਦਾ ਹੈ

## ਸਤਿ ਸੁਹਾਣੁ ਸਦਾ ਮਨਿ ਚਾਉ ॥

ਜਿਸ ਨਾਲ਼ ਮਨ ਅੰਦਰ ਸਦਾ ਖੁਸ਼ੀ ਤੇ (ਸਚਿਆਰ/ਪਵਿੱਤਰ ਹੋਣ ਦਾ) ਚਾਅ ਬਣਦਾ ਹੈ

## ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥

(ਐਸੇ ਚਾਅ/ਸਹਿਜ ਵਾਲ਼ੇ ਮਨ 'ਚ ਕੋਈ ਬੇਸਬਰੀ/ਕਾਹਲ਼ੀ ਤੇ ਭਰਮ ਨਹੀਂ ਰਹਿੰਦਾ ਕਿ) ਕਿਹੜੇ ਵੇਲ਼ੇ, ਕਿਹੜੀ ਤਰੀਕ ਤੇ ਕਿਹੜੇ ਵਾਰ ਨੂੰ

## ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥

ਕਿਹੜੀ ਰੁੱਤ ਤੇ ਕਿਹੜੇ ਮਹੀਨੇ ਮੇਰੇ ਅੰਦਰ ਰੱਬੀ ਗੁਣਾਂ ਨਾਲ਼ ਪ੍ਰਭੂ ਵਾਲ਼ਾ ਅਕਾਰ (ਰੂਪ) ਬਣੇਗਾ। (ਉਹ ਨਿਰੰਤਰ ਸਬਰ-ਸਹਿਜ ਨਾਲ਼ ਰੱਬੀ ਗੁਣ ਧਾਰਣ ਕਰਦਾ ਹੈ; ਕਿਸੇ ਖਾਸ ਸਮੇਂ ਦਾ ਇੰਤਜ਼ਾਰ ਨਹੀਂ ਕਰਦਾ)

## ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥

ਮੈਂ ਬਾਹਰੋਂ ਪੰਡਤ ਹੋ ਕੇ ਗ੍ਰੰਥ ਤਾਂ ਲਿਖ ਸਕਦਾ ਹਾਂ ਪਰ ਅੰਦਰ ਪ੍ਰਭੂ ਨਾਲ਼ ਮਿਲਾਪ ਦਾ ਵੇਲ਼ਾ/ਮੌਕਾ ਬਾਹਰੀ ਵਿਦਵੱਤਾ ਨਾਲ਼ ਨਹੀਂ ਮਿਲ਼ਦਾ

## ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥

ਕੋਈ ਕਾਜ਼ੀ ਹੋ ਕੇ ਕੁਰਾਨ ਦੇ ਉਤਾਰੇ ਤਾਂ ਕਰ ਸਕਦਾ ਹੈ ਪਰ ਅੰਦਰਲੇ ਮੌਲਾ ਨੂੰ ਮਿਲਣ ਦਾ ਵਕਤ/ਮੌਕਾ ਇਨ੍ਹਾਂ ਬਾਹਰੀ ਜਤਨਾਂ ਨਾਲ਼ ਹਾਸਲ ਨਹੀਂ ਹੁੰਦਾ

## ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥

ਕੋਈ ਜੋਗੀ ਹੋ ਕੇ ਬਾਹਰੀ ਜੋਗ ਸਾਧਨਾ ਨਾਲ਼ ਵੀ ਉਸ ਥਿੱਤ-ਵਾਰ-ਰੁੱਤ-ਮਹੀਨੇ ਨੂੰ ਨਹੀਂ ਕਹਿ (ਥਾਪ) ਸਕਦਾ। (ਇਹ ਨਿਰੰਤਰ ਅੰਦਰ ਚੱਲਣ ਵਾਲ਼ੀ ਕਿਰਿਆ ਹੈ)

## ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

ਰੱਬੀ ਹੁਕਮ ਨੂੰ ਮੰਨ ਕੇ ਚੱਲਣ ਵਾਲ਼ਾ ਮਨ ਆਪ ਇਹ ਜਾਣ ਲੈਂਦਾ ਹੈ ਕਿ ਮੇਰੇ ਅੰਦਰ ਭਲੇ ਵਿਚਾਰਾਂ ਦੇ ਸੋਹਣੇ ਸੰਸਾਰ ਦੀ ਸਿਰਜਣਾ ਕਰਤਾ ਪੁਰਖ ਹੀ ਕਰਦਾ ਹੈ

## ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥

ਇਸ ਨਵੀਂ ਘਾੜਤ ਨੂੰ ਮੈਂ ਅਪਣੇ ਮਨ ਦੀ ਮੱਤ ਨਾਲ਼ ਨਾ ਆਖ/ਬਣਾ ਸਕਦਾ ਹਾਂ, ਨਾ ਸਲਾਹ ਸਕਦਾ ਹਾਂ, ਨਾ ਹੀ ਜਾਣ ਸਕਦਾ ਹਾਂ

## ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥

ਭਾਂਵੇਂ ਮੇਰੇ ਮਨ ਦੀ ਮੱਤ ਵਿੱਚ ਕਹਿਣ ਨੂੰ ਇੱਕ ਤੋਂ ਇੱਕ ਸਿਆਣੇ ਸਾਰੇ ਵਿਚਾਰ ਨੇ (ਪਰ ਇਹ ਸਹਸ ਸਿਆਣਪਾਂ ਉਸ ਰਾਹ ਵੱਲ ਨਹੀਂ ਜਾਂਦੀਆਂ)

## ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥

ਮੇਰੇ ਅੰਦਰ ਬੈਠਾ ਮਾਲਕ ਪਰਮਾਤਮਾ ਹੀ ਵੱਡਾ/ਸਿਆਣਾ ਹੈ, ਉਸਦਾ ਹੁਕਮ ਹੀ ਸਭ ਤੋਂ ਵੱਡਾ/ਭਲਾ ਹੈ ਜਿਸ ਨਾਲ਼ ਮੇਰੇ ਅੰਦਰ ਚੰਗਾ ਕੀਤਾ ਜਾ ਸਕਦਾ ਹੈ

## ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥

ਤੇ ਜੇਕਰ ਕੋਈ ਇਹ ਸਮਝੇ ਕਿ ਮਨ ਦੀ ਮੱਤ/ਚਤੁਰਾਈ ਨਾਲ਼ ਮੈਂ ਆਪ ਕਰ ਲਵਾਂਗਾ ਤਾ ਉਸ ਰਾਹ 'ਤੇ ਅੱਗੇ ਨਹੀਂ ਵੱਧ ਸਕਦਾ ਜਿੱਧਰ ਰੱਬੀ ਗੁਣਾਂ ਵਾਲ਼ੀ ਸ਼ੋਭਾ/ਵਡਿਆਈ ਹੈ

## ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

(ਮਨ ਦੀ ਮੱਤ/ਚਤੁਰਾਈ ਕੇਵਲ ਬਾਹਰੀ ਸੰਸਾਰ ਦਾ ਅੰਤ ਲੱਭਣ ਤੁਰਦੀ ਹੈ, ਪਰ ਇਹ ਨਹੀਂ ਸਮਝ ਪਾਉਂਦੀ ਕਿ) ਮੇਰੇ ਅੰਦਰ ਹੀ ਬੇਅੰਤ ਅਕਾਸ਼/ਉਚਾਈਆਂ ਨੇ ਜਿੱਥੇ ਮਨ ਗੁਣ ਲੈ ਕੇ ਪੁੱਜ ਸਕਦਾ ਹੈ, ਤੇ ਬੇਅੰਤ ਹੀ ਪਤਾਲ਼/ਗਹਿਰਾਈਆਂ ਨੇ ਜਿੱਥੇ ਔਗੁਣਾਂ ਕਰਕੇ ਡਿੱਗਦਾ ਜਾਂਦਾ ਹੈ

## ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

ਇਨ੍ਹਾਂ ਦੋਹਾਂ ਦੇ ਵਿੱਚ ਭਟਕਦਾ ਮਨ ਓਦੋਂ ਰੁੱਕਦਾ ਹੈ ਜਦ ਅੰਦਰਲਾ ਵੇਦ/ਗਿਆਨ ਜੋ ਕਹਿੰਦਾ/ਬੋਲਦਾ ਹੈ ਉਸ ਇੱਕ ਹੁਕਮੀ ਨੂੰ ਮੰਨ ਲੈਂਦਾ ਹੈ

## ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥

ਜਦ ਬਾਹਰਲੇ ਅਕਾਸ਼, ਪਤਾਲ਼ ਜਾਂ ਅਠਾਰ੍ਹਾਂ ਹਜ਼ਾਰ ਆਲਮ ਦੀਆਂ ਗਿਣਤੀਆਂ ਛੱਡ ਕੇ ਮਨ ਇੱਕ ਅੰਦਰਲੇ ਤੱਤ ਗਿਆਨ ਨੂੰ ਸੁਣਦਾ/ਮੰਨਦਾ ਹੈ

## ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥

ਫਿਰ ਇਸ ਮਨ ਦੀ ਦੌੜ ਹੀ ਮੁੱਕ ਜਾਂਦੀ ਹੈ ਤੇ ਇਹ ਜਾਣ ਜਾਂਦਾ ਹੈ ਕਿ ਇਨ੍ਹਾਂ ਗਿਣਤੀਆਂ-ਮਿਣਤੀਆਂ 'ਚੋਂ ਕੁਝ ਹਾਸਲ ਨਹੀਂ ਹੁੰਦਾ

## ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥

ਸਗੋਂ ਇਹ ਮਨ ਓਦੋਂ ਵੱਡਾ (ਸਿਆਣਾ) ਹੁੰਦਾ ਹੈ ਜਦ (ਰੱਬ ਦੀ ਕੁਦਰਤ ਦਾ ਅੰਤ ਪਾਉਣ ਦੀ ਜਗ੍ਹਾ) ਅਪਣੇ ਆਪ ਦੀ ਖੋਜ ਕਰਕੇ ਖੁਦ ਨੂੰ ਜਾਣਦਾ ਹੈ (ਕਿ ਮੇਰੇ ਅੰਦਰ ਕਿੰਨਾ ਕੂੜ ਹੈ ਤੇ ਕਿਵੇਂ ਰੱਬੀ ਹੁਕਮ ਨਾਲ਼ ਉਸ ਕੂੜ ਨੂੰ ਦੂਰ ਕਰਨਾ ਹੈ)

## ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥

ਗੱਲਾਂਬਾਤਾਂ ਨਾਲ਼ ਅੰਦਰ ਬੈਠੇ ਰੱਬ ਦੀ ਸਲਾਹ/ਹੁਕਮ ਨੂੰ ਅਸੀਂ ਜੀਵਨ 'ਚ ਨਹੀਂ ਉਤਾਰ ਸਕਦੇ

## ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਇਸ ਕੰਮ ਲਈ ਤਾਂ ਅਪਣੀ ਸਰਤ-ਮੱਤ-ਮਨ ਨੂੰ ਰੱਬੀ ਗਿਆਨ 'ਚ ਇੰਜ ਇੱਕ ਕਰ ਲਉ ਜਿਵੇਂ ਸਮੰਦਰ 'ਚ ਨਦੀਆਂ-ਨਾਲ਼ੇ ਮਿਲ਼ ਕੇ ਓਸੇ ਦਾ ਰੂਪ ਹੋ ਜਾਂਦੇ ਨੇ

## ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥

ਰੱਬੀ ਗਿਆਨ ਦਾ ਸਮੁੰਦਰ ਗੁਣਾਂ ਦੇ ਵੱਡੇ ਤੇ ਅਪਾਰ ਖਜ਼ਾਨਿਆਂ ਨਾਲ਼ ਭਰਿਆ ਹੈ

## ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਜਦੋਂ ਕੋਈ ਪੂਰੀ ਨਿਮਰਤਾ/ਹਲੀਮੀ ਨਾਲ਼ ਰੱਬੀ ਹੁਕਮ/ਗਿਆਨ ਨੂੰ ਦ੍ਰਿੜ ਕਰਦਾ ਹੈ (ਭੁੱਲਦਾ ਨਹੀਂ) ਤਾਂ ਉਸਦਾ ਜੀਵਨ ਰੱਬੀ ਗੁਣਾਂ ਨਾਲ਼ ਐਨਾਂ ਵਿਸ਼ਾਲ ਹੁੰਦਾ ਹੈ ਜਿਸਦੀ ਤੁਲਨਾ ਨਹੀਂ ਕੀਤੀ ਜਾ ਸਕਦੀ

## ਅੰਤੁ ਨ ਸਿਫਤੀ ਕਹਣਿ ਨ ਅੰਤੁ ॥

ਜਦੋਂ ਕੋਈ ਪੂਰੀ ਨਿਮਰਤਾ/ਹਲੀਮੀ ਨਾਲ਼ ਰੱਬੀ ਹੁਕਮ/ਗਿਆਨ ਨੂੰ ਦ੍ਰਿੜ ਕਰਦਾ ਹੈ (ਭੁੱਲਦਾ ਨਹੀਂ) ਤਾਂ ਉਸਦਾ ਜੀਵਨ ਰੱਬੀ ਗੁਣਾਂ ਨਾਲ਼ ਐਨਾਂ ਵਿਸ਼ਾਲ ਹੁੰਦਾ ਹੈ ਜਿਸਦੀ ਤੁਲਨਾ ਨਹੀਂ ਕੀਤੀ ਜਾ ਸਕਦੀ

## ਅੰਤੁ ਨ ਕਰਣੈ ਦੇਣਿ ਨ ਅੰਤੁ ॥

ਪ੍ਰਭੂ ਮੇਰੇ ਅੰਦਰ-ਬਾਹਰ ਜੋ ਬੇਅੰਤ ਕਰ ਰਿਹਾ ਹੈ ਮੈਂ ਉਸਦਾ ਦੇਣ ਨਹੀਂ ਦੇ ਸਕਦਾ

## ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥

ਮੈਂ ਕਿੰਨਾਂ ਵੀ ਬਾਹਰੋਂ ਪੜ੍ਹ-ਸੁਣ ਕੇ ਉਸਨੂੰ ਵੱਡਾ ਕਹਿ ਲਵਾਂ, ਮੇਰੇ ਅੰਦਰ ਓਦ੍ਹੀਆਂ ਵਡਿਆਈਆਂ ਨੂੰ ਵੇਖਣ/ਖੋਜਣ ਦਾ ਕੋਈ ਅੰਤ/ਅਖੀਰ ਨਹੀਂ ਹੈ

## ਅੰਤੁ ਨ ਜਾਪੈ ਕਿਆ ਮਨਿ ਮੰਤੁ ॥

ਮੈਂ ਤਾਂ ਉਸਦੀ ਰਚਨਾ ਵਿੱਚ ਮੇਰੇ ਅਪਣੇ ਮਨ ਦੇ ਭੇਤਾਂ (ਮੰਤਵ) ਦਾ ਵੀ ਅੰਤ ਨਹੀਂ ਪਾ ਸਕਦਾ

## ਅੰਤੁ ਨ ਜਾਪੈ ਕੀਤਾ ਆਕਾਰੁ ॥

ਪਰਮਾਤਮਾ ਨੇ ਕਿੰਨਾ ਅਕਾਰ ਮੇਰੇ ਅੰਦਰ (ਸੋਚਣ, ਕਰਣ, ਮਹਿਸੂਸ ਕਰਣ, ਰਚਨਾ ਕਰਣ ਵਰਗੇ ਬੇਅੰਤ ਗੁਣ) ਤੇ ਬਾਹਰ ਕੀਤਾ/ਬਣਾਇਆ ਹੈ, ਮੈਂ ਇਸਦਾ ਅੰਤ ਨਹੀਂ ਪਾ ਸਕਦਾ

## ਅੰਤੁ ਨ ਜਾਪੈ ਪਾਰਾਵਾਰੁ ॥

ਪਰਮਾਤਮਾ ਦੇ ਗੁਣਾਂ ਦਾ ਹਦ-ਬੰਨਾ ਨਹੀਂ ਪਾਇਆ ਜਾ ਸਕਦਾ (ਹਲੀਮੀ ਵਾਲ਼ਾ ਮਨ ਸਮਝ ਲੈਂਦਾ ਹੈ ਕਿ ਉਸਦੇ ਗੁਣਾਂ/ਦਾਤਾਂ ਦੀ ਗਿਣਤੀ-ਮਿਣਤੀ ਛੱਡ ਕੇ ਉਨ੍ਹਾਂ ਗੁਣਾਂ ਨੂੰ ਧਾਰਣ ਕਰਕੇ ਉਸ 'ਚ ਸਮਾਉਣਾ ਜ਼ਰੂਰੀ ਹੈ)

## ਅੰਤ ਕਾਰਣਿ ਕੇਤੇ ਬਿਲਲਾਹਿ ॥

ਜ਼ਿਆਦਾਤਰ ਲੋਕ ਰੱਬ ਦੀ ਕੁਦਰਤ ਤੇ ਦਾਤਾਂ ਦਾ ਅੰਤ ਪਾਉਣ (ਗਿਣਤੀਆਂ-ਮਿਣਤੀਆਂ) 'ਚ ਹੀ ਮਸਰੂਫ ਹੋ ਕੇ ਕਲਪਦੇ ਰਹਿ ਜਾਂਦੇ ਨੇ

## ਤਾ ਕੇ ਅੰਤ ਨ ਪਾਏ ਜਾਹਿ ॥

ਪਰ (ਵਡਿਆਈ, ਦਾਤਾਂ, ਹੋਂਦ-ਅਣਹੋਂਦ ਆਦਿਕ) ਦੀਆ ਬਹਿਸਾਂ/ਗਿਣਤੀਆਂ 'ਚ ਪਏ ਲੋਕ (ਇਹ ਜਾਣਦੇ ਹੀ ਨਹੀਂ ਕਿ) ਉਸਦੇ ਅੰਤ ਨੂੰ ਪਾ ਨਹੀਂ ਸਕਦੇ

## ਏਹੁ ਅੰਤੁ ਨ ਜਾਣੈ ਕੋਇ ॥

ਅਸਲ 'ਚ ਉਹ ਇਹ ਅਖੀਰਲੀ ਗੱਲ (ਅੰਤ) ਨਹੀਂ ਜਾਣਦੇ ਕਿ

## ਬਹੁਤਾ ਕਹੀਐ ਬਹੁਤਾ ਹੋਇ ॥

ਜਿੰਨਾਂ ਜ਼ਿਆਦਾ ਅਸੀਂ ਉਸਦੀ ਰਚਨਾ ਤੇ ਗੁਣਾਂ ਬਾਰੇ ਗੱਲ/ਚਰਚਾ ਕਰਦੇ ਹਾਂ, ਓਨਾਂ ਜ਼ਿਆਦਾ ਹੋਰ ਕਹਿਣਾ/ਸਮਝਣਾ ਰਹਿ ਜਾਂਦਾ ਹੈ

## ਵਡਾ ਸਾਹਿਬੁ ਊਚਾ ਥਾਉ ॥

ਪਰ ਰੱਬੀ ਹੁਕਮ ਨੂੰ ਮੰਨਣ ਵਾਲ਼ਾ ਮਨ ਜਾਣ ਲੈਂਦਾ ਹੈ ਕਿ ਉਹ ਵੱਡਾ ਰੱਬ ਜੋ ਮੇਰੇ ਅੰਦਰ ਹੈ, ਉਸਦਾ ਮੇਰੇ ਅੰਦਰ ਟਿਕਾਣਾ/ਥਾਂ ਸਭ ਤੋਂ ਉੱਚਾ/ਪਵਿੱਤਰਤਾ ਵਾਲ਼ਾ ਹੈ

## ਊਚੇ ਉਪਰਿ ਊਚਾ ਨਾਉ ॥

ਤੇ ਜਿਵੇਂ ਜਿਵੇਂ ਮੈਂ ਮੈਂ ਅਪਣੇ ਵਿਚਾਰਾਂ ਉੱਪਰ ਉਸਦੇ ਉੱਚੇ ਨਿਯਮਾਂ (ਨਾਉ)/ਹੁਕਮ ਨੂੰ ਧਰਦਾ ਹਾਂ, ਤਿਵੇਂ ਤਿਵੇਂ ਮੈਂ ਵੀ ਉੱਚਾ/ਸਚਿਆਰ ਹੁੰਦਾ ਜਾਂਦਾ ਹਾਂ

## ਏਵਡੁ ਊਚਾ ਹੋਵੈ ਕੋਇ ॥

ਇੰਜ ਰੱਬੀ ਗੁਣਾਂ ਨੂੰ ਧਾਰਣ ਕਰ ਕਰ ਕੇ ਜਦੋਂ ਕੋਈ ਉੱਚਾ/ਪਵਿੱਤਰ ਹੁੰਦਾ ਜਾਂਦਾ ਹੈ

## ਤਿਸੁ ਊਚੇ ਕਉ ਜਾਣੈ ਸੋਇ ॥

ਓਹੀ ਅਪਣੇ ਨਿੱਜ ਵਿੱਚ ਵੱਸਦੇ ਉੱਚੇ/ਸਚਿਆਰ ਪਰਮਾਤਮਾ ਨੂੰ ਜਾਣ/ਮਿਲ਼ ਲੈਂਦਾ ਹੈ

## ਜੇਵਡੁ ਆਪਿ ਜਾਣੈ ਆਪਿ ਆਪਿ ॥

ਜਿੰਨਾ ਉੱਚਾ/ਸਚਿਆਰ ਅੰਦਰ ਦਾ ਰੱਬ ਹੈ, ਉਹ ਅਪਣੇ ਆਪ ਨੂੰ ਜਾਣ/ਖੋਜ ਕੇ (ਕੂੜ ਛੱਡ ਗੁਣ ਲੈ ਕੇ) ਉਸ ਵਰਗਾ ਹੁੰਦਾ ਜਾਂਦਾ ਹੈ

## ਨਾਨਕ ਨਦਰੀ ਕਰਮੀ ਦਾਤਿ ॥੨੪॥

ਹਲੀਮੀ ਵਾਲਾਂ ਮਨ ਅੰਦਰੋਂ ਰੱਬੀ ਗੁਣਾਂ ਨੂੰ ਧਾਰਣ ਕਰਕੇ ਸਚਿਆਰ ਹੋਣਾ ਹੀ ਉਸ ਪਰਮਾਤਮਾ (ਨਦਰੀ) ਦੀ ਬਖਸ਼ਿਸ਼ (ਕਰਮ) ਵਾਲ਼ੀ ਦਾਤ ਜਾਣਦਾ ਹੈ

## ਬਹੁਤਾ ਕਰਮੁ ਲਿਖਿਆ ਨਾ ਜਾਇ ॥

ਜਦੋਂ ਰੱਬੀ ਗੁਣਾਂ ਦੀ ਬਹੁਤੀ/ਕੀਮਤੀ ਦਾਤ (ਕਰਮ) ਅਸੀਂ ਅਪਣੇ ਅੰਦਰ ਲਿਖਦੇ/ਦ੍ਰਿੜ ਕਰਦੇ ਜਾਂਦੇ ਹਾਂ, ਉਹ ਫਿਰ ਜਾਂਦੀ ਨਹੀਂ

## ਵਡਾ ਦਾਤਾ ਤਿਲੁ ਨ ਤਮਾਇ ॥

ਕਿਉਂਕਿ ਇਹ ਦਾਤਾਂ ਦੇਣ ਵਾਲ਼ੇ ਪਰਮਾਤਮਾ ਵਿੱਚ ਕੋਈ ਤਮ੍ਹਾ (ਲਾਲਚ, ਦਿਖਾਵਾ ਜਾਂ ਆਸ) ਨਹੀਂ ਹੈ; (ਹਲੀਮੀ ਵਾਲ਼ਾ ਮਨ ਵੀ ਇੰਜ ਸੰਤੋਖ ਵਿੱਚ ਆ ਜਾਂਦਾ ਹੈ)

## ਕੇਤੇ ਮੰਗਹਿ ਜੋਧ ਅਪਾਰ ॥

ਰੱਬੀ ਰਾਹ 'ਤੇ ਤੁਰਨ ਵਾਲ਼ੇ ਨਿਰੰਤਰ ਉਹ ਅਪਾਰ ਬਲ/ਤਾਕਤ ਮੰਗਦੇ ਨੇ ਕਿ ਵਿਕਾਰਾਂ ਨਾਲ਼ ਜੂਝ ਸੱਕਣ

## ਕੇਤਿਆ ਗਣਤ ਨਹੀ ਵੀਚਾਰੁ ॥

ਉਹ ਰੱਬੀ ਗੁਣਾ ਨੂੰ ਅਮਲ (ਵੀਚਾਰ) 'ਚ ਲਿਆਉਂਦੇ ਨੇ, ਤੇ ਗਿਣਤੀਆ 'ਚ ਨਹੀ ਪੈਂਦੇ ਕਿ ਮੈਂ ਕਿੰਨਾ ਕਰ ਲਿਆ

## ਕੇਤੇ ਖਪਿ ਤੁਟਹਿ ਵੇਕਾਰ ॥

ਉਨਾਂ ਦੀ ਦ੍ਰਿੜ੍ਹਤਾ/ਕਿਰਦਾਰ ਸਾਮ੍ਹਣੇ ਬੇਅੰਤ ਵਿਕਾਰ ਵੀ ਖਪ-ਟੁੱਟ (ਖਤਮ ਹੁੰਦੇ) ਜਾਂਦੇ ਨੇ

## ਕੇਤੇ ਲੈ ਲੈ ਮੁਕਰੁ ਪਾਹਿ ॥

ਪਵਿੱਤਰਤਾ ਵੱਲ ਵੱਧਦਾ ਮਨ ਰੱਬੀ ਗੁਣਾਂ ਨੂੰ ਲੈ ਲੈ ਕੇ ਵਿਕਾਰਾਂ/ਬੁਰੇ ਵਿਚਾਰਾਂ ਵੱਲੋਂ ਮੂੰਹ ਮੋੜਦਾ (ਮੁੱਕਰਦਾ) ਜਾਂਦਾ ਹੈ

## ਕੇਤੇ ਮੂਰਖ ਖਾਹੀ ਖਾਹਿ ॥

ਉਹ ਅਪਣੇ ਅੰਦਰੋਂ ਮੂਰਖਤਾ/ਔਗਣਾਂ ਨੂੰ ਰੱਬੀ ਗਿਆਨ ਨਾਲ਼ ਖਤਮ ਕਰਦਾ ਜਾਂਦਾ ਹੈ

## ਕੇਤਿਆ ਦੂਖ ਭੂਖ ਸਦ ਮਾਰ ॥

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਅਪਣੇ ਅੰਦਰ ਰੱਬ ਤੋਂ ਵਿਛੋੜੇ ਦੇ ਦੁੱਖ ਨੂੰ ਸਮਝ ਕੇ ਉਸਨੂੰ ਮਿਲਣ ਦੀ ਭੁੱਖ ਲੈ ਕੇ ਅੰਦਰਲੇ ਰੱਬ ਨੂੰ ਅਰਦਾਸ ਕਰਦੇ (ਸੱਦਾ/ਅਵਾਜ਼ ਮਾਰਦੇ) ਨੇ

## ਏਹਿ ਭਿ ਦਾਤਿ ਤੇਰੀ ਦਾਤਾਰ ॥

ਇਹ ਪ੍ਰੇਮ ਦੀ ਦਾਤ ਵੀ ਉਸ ਪਰਮਾਤਮਾ ਦੇ ਹੁਕਮ 'ਚ ਖੁਦ ਦੀ ਖੋਜ ਕਰਨ 'ਤੇ ਮਿਲ਼ਦੀ ਹੈ

## ਬੰਦਿ ਖਲਾਸੀ ਭਾਣੈ ਹੋਇ ॥

ਇੰਜ ਉਸਦੇ ਹੁਕਮ/ਭਾਣੇ 'ਚ ਜੀਊਣ ਵਾਲ਼ਾ ਮਨ ਵਿਕਾਰਾਂ ਦੇ ਬੰਧਨਾਂ ਤੋਂ ਖਲਾਸ/ਅਜ਼ਾਦ ਹੁੰਦਾ ਹੈ

## ਹੋਰੁ ਆਖਿ ਨ ਸਕੈ ਕੋਇ ॥

ਐਸੇ ਮਨ ਨੂੰ ਕੋਈ ਵਿਕਾਰ (ਹੋਰ) ਕਿਸੇ ਪਾਸੇ ਪ੍ਰੇਰ (ਆਖ) ਨਹੀਂ ਸਕਦੇ

## ਜੇ ਕੋ ਖਾਇਕੁ ਆਖਣਿ ਪਾਇ ॥

ਜੇ ਕੋਈ ਬਾਹਰੋਂ-ਅੰਦਰੋਂ ਬੁਰਾ ਵਿਚਾਰ ਆਉਂਦਾ ਵੀ ਹੈ ਤਾਂ

## ਓਹੁ ਜਾਣੈ ਜੇਤੀਆ ਮੁਹਿ ਖਾਇ ॥

ਰੱਬੀ ਗਿਆਨ ਨਾ਼ਲ ਸੂਝਵਾਨ (ਜਾਣਕਾਰ) ਹੋਏ ਮਨ ਪਾਸੋਂ ਉਹ ਵਿਚਾਰ ਮੂੰਹ ਦੀ ਖਾਂਦੇ (ਹਾਰ ਜਾਂਦੇ) ਨੇ

## ਆਪੇ ਜਾਣੈ ਆਪੇ ਦੇਇ ॥

ਅਪਣੇ ਅੰਦਰਲੇ ਰੱਬੀ ਸਰੂਪ ਤੋਂ ਇਹ ਸੂਝ ਲੈਕੇ ਸਚਿਆਰ ਮਨ ਅਪਣੀਆ ਸਾਰੀਆਂ ਇੰਦ੍ਰੀਆਂ (ਅੱਖਾ, ਕੰਨ, ਨੱਕ, ਹੱਥ-ਪੈਰ ਆਦਿਕ) ਨੂੰ ਉਹ ਗਿਆਨ/ਦਿਸ਼ਾ ਆਪ ਦੇਂਦਾ ਹੈ

## ਆਖਹਿ ਸਿ ਭਿ ਕੇਈ ਕੇਇ ॥

ਤੇ ਉਹ ਸਾਰੀਆਂ ਗਿਆਨ ਇੰਦ੍ਰੇ ਵੀ ਇਨ੍ਹਾਂ ਰੱਬੀ ਸੁਨੇਹਿਆਂ ਨੂੰ ਆਖਦੇ (ਮੰਨ ਲੈਂਦੇ) ਨੇ

## ਜਿਸ ਨੋ ਬਖਸੇ ਸਿਫਤਿ ਸਾਲਾਹ ॥

ਜਿਸ ਮਨ ਨੂੰ ਰੱਬੀ ਸਿਫਤ-ਸਲਾਹ (ਰੱਬੀ ਗੁਣਾਂ) ਨੇ ਬਖਸ਼ ਲਿਆ (ਵਿਕਾਰਾਂ/ਬੁਰਾਈਆਂ ਤੋਂ ਬਚਾ ਲਿਆ)

## ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਉਹ ਮਨ ਪਾਤਸ਼ਾਹ ਬਣ ਕੇ ਅਪਣੇ ਅੰਦਰਲੇ ਸੰਸਾਰ ਤੇ ਰਾਜ ਕਰਦਾ ਹੈ (ਵਿਕਾਰਾਂ/ਭੈੜੀ ਮੱਤ ਦਾ ਗੁਲਾਮ ਨਹੀਂ ਰਹਿੰਦਾ)

## ਅਮੁਲ ਗੁਣ ਅਮੁਲ ਵਾਪਾਰ ॥

ਉਸ ਪਾਤਸ਼ਾਹ ਮਨ ਕੋਲ ਅਨਮੋਲ ਰੱਬੀ ਗੁਣਾਂ ਦਾ ਖਜ਼ਾਨਾ ਹੈ, ਤੇ ਉਹ ਇਨ੍ਹਾਂ ਨੂੰ ਹੀ ਖੱਟਣ ਦਾ ਅਨਮੋਲ ਵਪਾਰ ਕਰਦਾ ਹੈ

## ਅਮੁਲ ਗੁਣ ਅਮੁਲ ਵਾਪਾਰ ॥

ਰੱਬੀ ਗੁਣਾਂ ਨੂੰ ਖੱਟਣ (ਦ੍ਰਿੜ ਕਰਨ) ਵਾਲ਼ਾ ਮਨ ਅਨਮੋਲ/ਸੁਚੱਜਾ ਵਪਾਰੀ ਹੈ ਕਿਉਂਕਿ ਉਹ ਅਨਮੋਲ ਗੁਣਾਂ ਦੇ ਭੰਡਾਰ ਇਕੱਠੇ (ਜੀਵਨ 'ਚ ਅਮਲ) ਕਰਦਾ ਹੈ

## ਅਮੁਲ ਆਵਹਿ ਅਮੁਲ ਲੈ ਜਾਹਿ ॥

ਰੱਬੀ ਹੁਕਮ 'ਚ ਜੀਊਣ ਵਾਲ਼ਾ ਅਪਣੇ ਅੰਦਰ ਅਨਮੋਲ ਪ੍ਰਭੂ ਕੋਲ ਆ ਕੇ ਉਸਦੇ ਬੇਸ਼ਕੀਮਤੀ ਹੁਕਮ/ਗਿਆਨ ਨੂੰ ਲਈ ਜਾਂਦਾ ਹੈ

## ਅਮੁਲ ਭਾਇ ਅਮੁਲਾ ਸਮਾਹਿ ॥

ਉਸਨੂੰ ਅਨਮੋਲ ਰੱਬੀ ਗੁਣ ਭਾਅ ਜਾਂਦੇ ਨੇ ਜਿਨ੍ਹਾਂ ਨੂੰ ਦ੍ਰਿੜ ਕਰਕੇ ਉਹ ਅਪਣੇ ਅੰਦਰ ਵੱਸਦੇ ਰੱਬ 'ਚ ਸਮਾਇਆ ਰਹਿੰਦਾ ਹੈ

## ਅਮੁਲੁ ਧਰਮੁ ਅਮੁਲੁ ਦੀਬਾਣੁ ॥

ਉਹ ਸਚਿਆਰ ਮਨ ਰੱਬੀ ਹੁਕਮ ਦੇ ਅਨਮੋਲ/ਬੇਸ਼ਕੀਮਤੀ ਧਰਮ (ਸੁਚੱਜੀ ਜੀਵਨ ਜਾਚ) ਨੂੰ ਧਾਰਣ ਕਰਕੇ ਸਦਾ ਅਪਣੇ ਅੰਦਰ ਪਵਿੱਤਰ ਰੱਬੀ ਦੀਵਾਨ (ਜੀਵਨ ਦੇ ਫੈਸਲਿਆਂ ਲਈ) ਰੱਖਦੇ ਨੇ

## ਅਮੁਲੁ ਤੁਲੁ ਅਮੁਲੁ ਪਰਵਾਣੁ ॥

ਇਸ ਅੰਦਰੂਨੀ ਅਮੁੱਲ ਦੀਬਾਣ ਵਿੱਚ ਰੱਬੀ ਹੁਕਮ ਨਾਲ਼ ਮਨ ਆਪ ਅਪਣੇ ਅੰਦਰ ਦੇ ਚੰਗੇ-ਮਾੜੇ ਵਿਚਾਰਾ ਨੂੰ ਤੋਲਦਾ ਤੇ ਫੈਸਲਾ ਕਰਦਾ ਹੈ ਕਿ ਕੀ ਰੱਖਣਾ ਹੈ ਤੇ ਕੀ ਨਹੀਂ

## ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਇੰਜ ਅਪਣੇ ਅੰਦਰੋਂ ਵਿਕਾਰਾਂ ਨੂੰ ਦੂਰ ਕਰਕੇ ਨਿਰੰਤਰ ਅਨਮੋਲ ਰੱਬੀ ਬਖਸ਼ਿਸ਼ ਲੈਕੇ ਰੱਬੀ ਮਿਲਾਪ ਦੇ ਬੇਸ਼ਕੀਮਤੀ ਟੀਚੇ (ਨਿਸ਼ਾਨ) ਵੱਲ ਵੱਧਦਾ ਹੈ

## ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਇਸ ਰਾਹ ਉੱਤੇ ਅਨਮੋਲ ਰੱਬੀ ਕਰਮ (ਗਿਆਨ) ਤੇ ਬੇਸ਼ਕੀਮਤੀ ਫੁਰਮਾਨ/ਹੁਕਮ ਉਸਦੀ ਰਹਿਨੁਮਾਈ ਕਰਦੇ ਨੇ

## ਅਮੁਲੋ ਅਮੁਲੁ ਆਖਿਆ ਨ ਜਾਇ ॥

ਇੰਝ ਰੱਬੀ ਗੁਣਾਂ ਨੂੰ ਦ੍ਰਿੜ ਕਰਦਾ ਮਨ ਅਨਮੋਲ ਤੋਂ ਅਨਮੋਲ ਹੁੰਦਾ ਜਾਂਦਾ ਹੈ; ਇਹ ਅਵਸਥਾ ਆਖਣ (ਗੱਲਾਂਬਾਤਾਂ) ਨਾਲ਼ ਨਹੀਂ ਬਣਦੀ

## ਆਖਿ ਆਖਿ ਰਹੇ ਲਿਵ ਲਾਇ ॥

ਗੱਲਾ ਵਾਲ਼ੇ ਤਾਂ ਬਥੇਰੇ ਲਿਵ ਜੋੜ ਕੇ ਗੱਲਾ ਕਰਦੇ ਰਹਿ ਗਏ

## ਆਖਹਿ ਵੇਦ ਪਾਠ ਪੁਰਾਣ ॥

ਬਥੇਰੇ ਗਿਆਨ ਦੀਆਂ ਗੱਲਾਂ ਕਹਿਣ ਵਾਲ਼ੇ ਗ੍ਰੰਥ ਲਿਖ ਗਏ

## ਆਖਹਿ ਪੜੇ ਕਰਹਿ ਵਖਿਆਣ ॥

ਫਿਰ ਉਨ੍ਹਾਂ ਗ੍ਰੰਥਾ ਨੂੰ ਪੜ੍ਹ ਕੇ ਆਖਣ ਵਾਲ਼ੇ ਵੀ ਬਹੁਤ ਹੋਏ

## ਆਖਹਿ ਬਰਮੇ ਆਖਹਿ ਇੰਦ ॥

ਗੱਲਾਬਾਤਾ ਵਿੱਚ ਬਥੇਰੇ ਗਿਆਨ ਦੇ ਲਿਖਾਰੀ ਤੇ ਸੁਰਗਾਂ ਦੇ ਰਾਜੇ ਬਣ ਬਣ ਬਹਿੰਦੇ ਨੇ

## ਆਖਹਿ ਗੋਪੀ ਤੈ ਗੋਵਿੰਦ ॥

ਗੱਲਾਂ 'ਚ ਹੀ ਬਹੁਤ ਰੱਬ ਬਣਦੇ ਤੇ ਬਥੇਰੇ ਉਸਦੇ ਚੇਲੇ-ਚੇਲੀਆ ਬਣ ਜਾਂਦੇ ਨੇ

## ਆਖਹਿ ਈਸਰ ਆਖਹਿ ਸਿਧ ॥

ਆਖਣ/ਕਹਿਣ 'ਚ ਤਾਂ ਬਥੇਰੇ ਦੁਨੀਆਂ ਨੂੰ ਪਾਲਣ ਵਾਲ਼ੇ ਤੇ ਗੱਲਾਂ 'ਚ ਹੀ ਪੂਰਨ ਪੁਰਖ ਅਖਵਾਉਂਦੇ ਨੇ

## ਆਖਹਿ ਕੇਤੇ ਕੀਤੇ ਬੁਧ ॥

ਸਿਰਫ ਗੱਲਾਬਾਤਾਂ ਨਾਲ਼ ਤਾਂ ਬਹੁਤ ਸਾਰੇ ਰੌਸ਼ਨ ਦਿਮਾਗ ਬਣੀ ਬੈਠੇ ਨੇ

## ਆਖਹਿ ਦਾਨਵ ਆਖਹਿ ਦੇਵ ॥

ਲੋਕ ਗੱਲਾਂ ਨਾਲ਼ ਹੀ ਕਿਸੇ ਨੂੰ ਚੰਗਾ (ਦੇਵਤਾ) ਤੇ ਕਿਸੇ ਨੂੰ ਬੁਰਾ (ਦਾਨਵ) ਥਾਪੀ ਜਾਂਦੇ ਨੇ

## ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਮੂੰਹਜ਼ੁਬਾਨੀ ਗੱਲਾਂ ਲੋਕਾਂ ਕੋਲੋਂ ਕਿਸੇ ਨੂੰ ਰਿਸ਼ੀ-ਮੁਨੀ ਮਨਵਾ ਕੇ ਸੇਵਾ ਵੀ ਕਰਵਾਈ ਜਾਂਦੀਆਂ ਨੇ

## ਕੇਤੇ ਆਖਹਿ ਆਖਣਿ ਪਾਹਿ ॥

ਕਈ ਇੰਜ ਆਖ ਆਖ ਕੇ (ਗੱਲਾਬਾਤਾਂ ਨਾਲ਼) ਸਚਿਆਰ ਹੋਣ ਦਾ ਜਤਨ ਕਰਦੇ ਨੇ

## ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਕਈ ਇੰਜ ਕਹਿਣ ਕਹਿਣ 'ਚ ਹੀ ਉਮਰਾਂ ਲੰਘਾ ਜਾਂਦੇ ਨੇ

## ਏਤੇ ਕੀਤੇ ਹੋਰਿ ਕਰੇਹਿ ॥

ਤੇ ਜਿੰਨੇ ਇੰਜ ਕਹਿਣ-ਕਹਾਉਣ 'ਚ ਖੁਦ ਨੂੰ ਖੁਦਾ ਸਾਬਤ ਕਰਦੇ ਚਲੇ ਗਏ ਐਨੇਂ ਹੋਰ ਵੀ ਅਖਣ (ਗੱਲਾਬਾਤਾਂ ਵਾਲ਼ੇ) ਆ ਜਾਣ

## ਤਾ ਆਖਿ ਨ ਸਕਹਿ ਕੇਈ ਕੇਇ ॥

ਤਾਂ ਵੀ ਉਸ ਅਨਮੋਲ ਅਵਸਥਾ ਨੂੰ ਕੇਵਲ ਕਹਿਣ-ਕਹਾਉਣ ਨਾਲ਼ ਹਾਸਲ ਨਹੀਂ ਕੀਤਾ ਜਾ ਸਕਦਾ

## ਜੇਵਡੁ ਭਾਵੈ ਤੇਵਡੁ ਹੋਇ ॥

ਸਚਿਆਰ ਹੋਣ ਦਾ ਰਾਹ ਤਾਂ ਇਹ ਹੈ ਕਿ ਜੋ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦਾ ਹੁਕਮ ਹੈ) ਓਹੋ ਜਿਹੇ ਖੁਦ ਨੂੰ ਅੰਦਰੋਂ ਕਰੀ ਜਾਣਾ (ਰੱਬੀ ਗੁਣਾਂ ਨੂੰ ਜੀਵਨ 'ਚ ਉਤਾਰਣਾ)

## ਨਾਨਕ ਜਾਣੈ ਸਾਚਾ ਸੋਇ ॥

ਇੰਝ ਕਰਕੇ ਹੀ ਅਸੀਂ ਉਸ ਪਰਮਾਤਮਾ ਨੂੰ ਅਪਣੇ ਅੰਦਰ ਜਾਣ/ਮਿਲ਼ ਸਕਦੇ ਹਾਂ

## ਜੇ ਕੋ ਆਖੈ ਬੋਲੁਵਿਗਾੜੁ ॥

ਪਰ ਜੇ ਕੋਈ ਅਪਣੀ ਹਉਮੈ (ਵਿਗੜੇ ਬੋਲ) ਵਿੱਚ ਆਖੇ ਕਿ ਮੈਂ ਅਪਣੀ ਮੱਤ ਨਾਲ਼ ਰੱਬ ਪਾ ਲਵਾਂ, ਤਾਂ

## ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥

ਇਹ ਮੂਰਖਤਾ ਦਾ ਸ਼ਿਖਰ ਹੈ (ਹਉਮੈ ਵਾਲ਼ੀਆਂ ਸਹਸ ਸਿਆਣਪਾਂ ਰੱਬ ਦੇ ਦਰ 'ਤੇ ਕੰਮ ਨਹੀਂ ਆਉਂਦੀਆਂ)

## ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਹਉਮੈ ਵਾਲ਼ੀ ਮੱਤ ਛੱਡ ਕੇ ਮਨ ਅਪਣੇ ਅੰਦਰ ਵੱਸਦੇ ਰੱਬ ਦੇ ਦਰ/ਘਰ ਨੂੰ ਜਾਨਣਾ ਸ਼ੁਰੂ ਕਰਦਾ ਹੈ ਜਿੱਥੋਂ ਉਹ ਮਾਲਕ ਸਾਨੂੰ ਅਪਣੇ ਹੁਕਮ ਰਾਹੀਂ ਸੰਭਾਲ਼ਦਾ (ਜੀਵਨ ਦਾ ਰਾਹ ਦੱਸਦਾ) ਹੈ

## ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥

ਉਸਦੇ ਹੁਕਮ ਨੂੰ ਸੁਣ/ਮੰਨ ਕੇ ਸਾਡੇ ਅੰਦਰ ਦੇ ਅਨੇਕ/ਅਸੰਖ ਵਿਚਾਰ ਹੁਕਮ ਦੀ ਧੁਨ ਨੂੰ ਵਜਾਉਣ (ਦ੍ਰਿੜ ਕਰਨ) ਲੱਗ ਜਾਂਦ ਨੇ

## ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥

ਕਿੰਨੇ ਹੀ ਪ੍ਰੇਮ ਤੇ ਸੂਖਮ/ਸਰਲ ਉਪਦੇਸ਼ਾਂ ਨਾਲ਼ ਰੱਬ ਅਪਣਾ ਸੁਨੇਹਾ ਸਾਨੂੰ ਕਹਿੰਦਾ/ਦੇਂਦਾ ਹੈ ਤੇ ਕਿੰਨੇ ਹੀ ਰੂਪਾਂ ਵਿੱਚ ਸਾਡਾ ਮਨ ਰੱਬੀ ਹੁਕਮ ਨੂੰ ਗਾਉਣ (ਜੀਵਨ 'ਚ ਧਾਰਣ ਕਰਨ) ਲੱਗ ਜਾਂਦਾ ਹੈ

## ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

ਹਵਾ-ਪਾਣੀ-ਅੱਗ(ਪੂਰੀ ਕੁਦਰਤ) ਜਿਵੇਂ ਸਹਿਜ ਸੁਭਾਅ ਹੁਕਮ 'ਚ ਚੱਲਦੀ ਹੈ, ਤਿਵੇਂ ਅਪਣੇ ਅੰਦਰ ਬੈਠੇ ਮਾਲਕ ਦੇ ਹੁਕਮ/ਧਰਮ ਅੱਗੇ ਇਹ ਮਨ (ਰਾਜਾ) ਗਾਉਂਦਾ (ਖੁਦ ਨੂੰ ਸੌਂਪ) ਦੇਂਦਾ ਹੈ

## ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥

ਜੋ ਹੁਕਮ ਨੂੰ ਗਾਉਂਦਾ/ਦ੍ਰਿੜ ਕਰਦਾ ਹੈ ਉਹ ਅਪਣੇ ਅੰਦਰਲੇ ਗੁਪਤ (ਲੁਕੇ ਹੋਏ) ਵਿਕਾਰਾਂ ਵਾਲ਼ੇ ਪਾਸੇ (ਚਿੱਤਰ) ਨੂੰ ਪਛਾਣਦਾ ਹੈ, ਤੇ ਰੱਬੀ ਗਿਆਨ (ਧਰਮ) ਨੂੰ ਵਿਚਾਰ ਕੇ ਅਪਣੇ ਅੰਦਰ ਲਿਖਦਾ/ਦ੍ਰਿੜ ਕਰਦਾ ਹੈ

## ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥

ਰੱਬੀ ਗਿਆਨ ਨੂੰ ਦ੍ਰਿੜ ਕਰਣ ਵਾਲ਼ਾ ਅਪਣੇ ਅੰਦਰ ਰੱਬੀ ਗੁਣਾਂ ਨੂੰ ਪਾਲਣ, ਸੋਹਣੇ ਵਿਚਾਰਾਂ ਨੂੰ ਰਚਣ ਤੇ ਵਿਕਾਰਾਂ ਤੋਂ ਛੁੱਟਕਾਰਾ ਦਵਾਉਣ ਵਾਲ਼ੀ ਸੋਹਣੀ ਮੱਤ ਨਾਲ਼ ਖੁਦ ਨੂੰ ਸਵਾਰ ਕੇ ਪ੍ਰਭੂ ਦੇ ਦਰ 'ਤੇ ਸ਼ੋਭਾ ਪਾਉਂਦਾ ਹੈ

## ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਮਨ ਅੰਦਰ ਰਾਜ ਸਿੰਘਾਸਨ (ਉੱਚੀ ਰੌਸ਼ਨ ਮੱਤ ਵਾਲ਼ੀ ਅਵਸਥਾ) ਉੱਪਰ ਸ਼ੁਭ ਗੁਣਾਂ ਸਮੇਤ ਟਿਕ ਰਾਜਾ ਬਣ ਕੇ ਬੈਠਦਾ ਹੈ (ਉਸਦੇ ਅੰਦਰ ਹੀ ਸੁਅਰਗ ਦਾ ਰਾਜ ਹੈ)

## ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥

ਰੱਬੀ ਹੁਕਮ ਨੂੰ ਗਾਉਣ ਵਾਲ਼ਾ (ਜੀਵਨ 'ਚ ਧਾਰਣ ਕਰਨ ਵਾਲ਼ਾ) ਹੀ ਅੰਦਰੋਂ ਪੂਰਾ (ਸਿੱਧ) ਹੁੰਦਾ ਹੈ ਕਿਉਂਕਿ ਉਸਦਾ ਨਿਰੰਤਰ ਧਿਆਨ (ਸਮਾਧੀ) ਗੁਰੂ ਗਿਆਨ 'ਚ ਹੈ। ਹੁਕਮ ਨੂੰ ਗਾਉਣ ਵਾਲ਼ੇ ਰੱਬੀ ਗਿਆਨ ਨੂੰ ਵਿਚਾਰ/ਅਪਣਾ ਕੇ ਖੁਦ ਨੂੰ ਅੰਦਰੋਂ ਸਾਧ ਲੈਂਦੇ ਨੇ

## ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥

ਪ੍ਰਭੂ ਦੇ ਹੁਕਮ ਨੂੰ ਗਾਉਣ ਵਾਲ਼ੇ ਹੀ ਪਵਿੱਤਰ, ਦਾਨੀ, ਸੰਤੋਖੀ ਤੇ ਵਿਕਾਰਾਂ ਨਾਲ਼ ਜੂਝਣ ਵਾਲ਼ੇ ਵੀਰ/ਸੂਰਮੇ ਹੁੰਦੇ ਨੇ

## ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥

ਰੱਬੀ ਹੁਕਮ/ਸੁਨੇਹੇ ਨੂੰ ਗਾਉਣ/ਮੰਨਣ ਵਾਲ਼ੇ ਹੀ ਅੰਦਰੋਂ ਨਿਰੰਤਰ (ਜੁਗ-ਜੁਗ) ਰੱਬੀ ਗਿਆਨ ਨੂੰ ਪੜ੍ਹ, ਵਿਚਾਰ, ਅਮਲ ਕਰਕੇ ਅਸਲ ਪੰਡਤ/ਰਿਸ਼ੀ ਹੁੰਦੇ ਨੇ

## ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥

ਰੱਬੀ ਹੁਕਮ ਨੂੰ ਜੀਊਣ ਵਾਲ਼ੇ ਦੇ ਮਨ ਦਾ ਪੂਰਾ ਪਸਾਰਾ ਸੋਹਣੀਆਂ ਰੱਬੀ ਰਹਿਮਤਾਂ (ਗੁਣਾਂ) ਵੱਲ ਮੋਹਿਤ (ਪਿਆਰ ਨਾਲ਼ ਭਰਿਆ) ਰਹਿੰਦਾ ਹੈ

## ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਰੱਬ ਦੇ ਹੁਕਮ 'ਚ ਜੀਊਣ ਵਾਲ਼ਿਆਂ ਦੇ ਅੰਦਰ ਬੇਸ਼ਕੀਮਤੀ ਰੱਬੀ ਗਿਆਨ ਦੇ ਰਤਨ ਉਪਜਦੇ ਨੇ, ਤੇ ਅੰਦਰ ਹੀ ਉਸ ਗਿਆਨ ਦੇ ਤੀਰਥ ਬਣ ਜਾਂਦੇ ਨੇ

## ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥

ਰੱਬੀ ਹੁਕਮ 'ਤੇ ਚੱਲਣ ਵਾਲ਼ੇ ਚਾਰੇ ਖਾਣੀਆਂ (ਹਰ ਤਰ੍ਹਾਂ) ਨਾਲ਼ ਅੰਦਰ ਵਿਕਾਰਾਂ ਨਾਲ਼ ਜੂਝਣ ਵਾਲ਼ੇ ਜੋਧੇ, ਮਹਾਬਲੀ, ਸੂਰਮੇ ਹੁੰਦੇ ਨੇ

## ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

ਪ੍ਰਭੂ ਦੇ ਹੁਕਮ ਨੂੰ ਗਾਉਣ (ਜੀਵਨ 'ਚ ਢਾਲਣ ਨਾਲ਼) ਸਾਡੇ ਅੰਦਰ ਦੇ ਸਾਰੇ ਛੋਟੇ ਤੋਂ ਵੱਡੇ ਵਿਚਾਰ ਰੱਬੀ ਹੁਕਮ ਨੂ ਧਾਰਣ ਕਰੀ ਰੱਖਦੇ ਨੇ

## ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

ਹੇ ਪ੍ਰਭੂ! ਤੇਰੇ ਹੁਕਮ ਨੂੰ ਓਹੀ ਦ੍ਰਿੜ ਕਰਦੇ ਨੇ ਜਿਨ੍ਹਾਂ ਦਾ ਚਿੱਤ ਤੇਰੇ (ਗੁਣਾਂ) ਵੱਲ ਲੱਗਾ ਹੈ, ਤੇ ਓਹੀ ਤੇਰੀ ਭਗਤੀ (ਗੁਣਾਂ ਨੂੰ ਜੀਵਨ 'ਚ ਉਤਾਰਨ) ਦਾ ਰਸ ਮਾਣਦੇ ਨੇ

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥**

ਓਨਾਂ ਬਾਰੇ ਮੈਂ ਕੀ ਵਿਚਾਰ ਕਰਾਂ (ਕੁਝ ਕਿਹਾ ਹੀ ਨਹੀਂ ਜਾ ਸਕਦਾ) ਜੋ (ਪ੍ਰਭੂ) ਤੈਨੂੰ ਗਾਉਂਦੇ (ਜੀਵਨ 'ਚ ਢਾਲ਼ਦੇ) ਨੇ; ਉਨ੍ਹਾਂ ਦੇ ਚਿੱਤ 'ਚ "ਮੈਂ" ਦਾ ਖਿਆਲ ਹੀ ਨਹੀਂ ਆਉਂਦਾ

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਓਨਾਂ ਦਾ ਧਿਆਨ ਤਾਂ ਸਦਾ ਓਸੇ ਸਦਾ ਥਿਰ ਪਰਮਾਤਮਾ 'ਚ ਹੁੰਦਾ ਹੈ ਜੋ ਆਪ ਵੀ ਸਦੀਵੀ ਹੋਂਦ ਵਾਲ਼ਾ ਹੈ ਤੇ ਜਿਸਦਾ ਨਿਯਮ/ਹੁਕਮ ਸਦਾ ਅਟੱਲ ਹੈ

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਓਨਾਂ ਅੰਦਰ ਪਰਮਾਤਮਾ ਦਾ ਧਿਆਨ ਹਰ ਸਮੇਂ ਰਹਿੰਦਾ ਹੈ ਜਿਸਨੂੰ ਦ੍ਰਿੜ ਕਰਕੇ ਓਨਾਂ ਅੰਦਰ ਸੋਹਣੇ ਕਿਰਦਾਰ ਦੀ ਰਚਨਾ ਹੁੰਦੀ ਹੈ

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

ਪ੍ਰਭੂ ਵੱਲ ਧਿਆਨ ਹੋਣ ਕਰਕੇ ਉਹ ਮਨ ਅੰਦਰ ਉਪਜਦੇ ਅਨੇਕਾਂ ਰੰਗਾ-ਭਾਤਾਂ ਦੇ ਮਾਇਆ (ਦੇ ਭੁਲੇਖਿਆਂ) ਤੋਂ ਬਚੇ ਰਹਿੰਦੇ ਨੇ

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥**

ਕਿਉਂਕਿ ਉਹ ਰੱਬੀ ਹੁਕਮ ਨੂੰ ਦ੍ਰਿੜ ਕਰ ਕਰ ਕੇ ਅਪਣੇ ਅੰਦਰ ਦੀ ਸੰਭਾਲ਼ (ਵੇਖੇ) ਕਰਕੇ ਅਪਣਾ ਉਹ ਸਰੂਪ ਤਿਆਰ ਕਰਦੇ ਨੇ ਜੋ ਆਪ ਪਰਮਾਤਮਾ ਦੀ ਵਡਿਆਈ/ਬਖਸ਼ਿਸ਼ ਹੈ

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥**

ਜੋ ਪ੍ਰਭੂ ਨੂੰ ਭਾਉਂਦਾ ਹੈ ਉਹ ਓਹੀ ਕਰਦੇ ਨੇ; ਕਦੀ ਰੱਬੀ ਹੁਕਮ ਦੇ ਉੱਤੋਂ ਅਪਣੀ ਮਰਜ਼ੀ (ਮਨ ਦੀ ਮੱਤ) ਨਹੀਂ ਚਲਾਉਂਦੇ

## ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥

ਇੰਜ ਉਸ ਪਰਮਾਤਮਾ ਦੀ ਰਜ਼ਾ (ਹੁਕਮ) 'ਚ ਰਹਿਣ/ਜੀਊਣ ਵਾਲ਼ੇ ਅਪਣੇ ਅੰਦਰ ਪਾਤਸ਼ਾਹਾਂ ਦੇ ਪਾਤਸ਼ਾਹ ਹੋ ਜਾਂਦੇ ਨੇ (ਵਿਕਾਰਾਂ ਦੀ ਗੁਲਾਮੀ ਤੋਂ ਛੁੱਟ ਕੇ ਅਟੱਲ ਰਾਜ ਲੈ ਲੈਂਦੇ ਨੇ)

## ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

(ਪਰਮਾਤਮਾ ਦੀ ਰਜ਼ਾ 'ਚ ਰਹਿਣ ਵਾਲ਼ਾ) ਅਪਣੇ ਮਨ ਨੂੰ ਸੰਤੋਖ/ਸਬਰ ਵਿੱਚ ਲਿਆ ਕੇ ਰੱਬੀ ਗੁਣਾਂ ਵਾਲ਼ੀ ਪੱਤ ਲੈਣ ਲਈ ਮਿਹਨਤ/ਸ਼੍ਰਮ ਕਰਦਾ ਹੈ, ਤੇ ਸਦਾ ਧਿਆਨ ਰੱਬੀ ਹੁਕਮ ਵੱਲ ਰੱਖਦਾ ਹੈ

## ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥

ਹਰ ਪਲ ਜੀਵਨ ਦੀ ਨਸ਼ਵਰਤਾ ਨੂੰ ਚੇਤੇ ਰੱਖ ਕੇ ਰੱਬੀ ਮੱਤ ਨਾਲ਼ ਖੁਦ ਨੂੰ ਵਿਕਾਰਾਂ ਤੋਂ ਮੁਕਤ ਕਰਦਾ ਹੈ, ਤੇ ਅੰਦਰੋਂ/ਧੁਰੋਂ ਮਿਲ਼ਦੇ ਗਿਆਨ ਤੇ ਸਦਾ ਭਰੋਸਾ/ਪਰਤੀਤ ਰੱਖਦਾ ਹੈ

## ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥

ਸਾਰਿਆਂ ਨੂੰ ਇੱਕ ਬਰਾਬਰ ਜਾਨਣ ਵਾਲ਼ੇ ਉੱਤਮ ਪੰਥ ਤੇ ਚੱਲ ਕੇ ਅਪਣੇ ਮਨ ਨੂੰ ਜਿੱਤਣ ਵਾਲ਼ਾ ਅਪਣੇ ਅੰਦਰਲੇ (ਵਿਚਾਰਾਂ ਤੇ ਫੁਰਨਿਆਂ ਦੇ) ਸੰਸਾਰ ਨੂੰ ਜਿੱਤ ਲੈਂਦਾ ਹੈ

## ਆਦੇਸੁ ਤਿਸੈ ਆਦੇਸੁ ॥

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਤੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

## ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥

ਜਦ ਗੁਰੂ ਦੀ ਮੱਤ ਨਾਲ਼ ਖੁਦ ਦੇ ਅੰਦਰਲੇ ਹਲਾਤਾਂ ਤੇ ਦਇਆ ਕਰਕੇ ਗੁਣਾਂ ਵੱਲ ਤੁਰਦੇ ਹੈ ਤਾਂ ਹਿਰਦੇ ਦੇ ਹਰ ਹਿੱਸੇ ਵਿੱਚ ਰੱਬੀ ਹੁਕਮ ਦੀ ਅਵਾਜ਼ ਵੱਜਦੀ/ਉਤਰਦੀ ਹੈ

## ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥

ਰੱਬੀ ਅਵਾਜ਼/ਹੁਕਮ ਨੂੰ ਮੰਨਣ ਨਾਲ਼ ਖੁਦ ਦਾ ਐਸੇ ਨਾਥ/ਮਾਲਕ ਬਣੀਦਾ ਹੈ ਜੋ ਅਪਣੀ ਸੁਰਤ-ਮੱਤ-ਮਨ ਨੂੰ ਨੱਥੀ/ਕਾਬੂ ਕਰਕੇ ਸਮਝ ਲੈਂਦਾ ਹੈ ਕਿ ਇਹ ਬਾਹਰੀ ਪ੍ਰਾਪਤੀਆਂ (ਰਿੱਧੀਆਂ-ਸਿੱਧੀਆਂ) ਵਿਕਾਰੀ ਮਨ ਦੇ ਸੁਆਦ (ਹਉਮੈ ਦੀ ਖੁਰਾਕ) ਨੇ

## ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

ਉਹ ਲਗਾਤਾਰ ਗੁਣਾਂ ਨੂੰ ਲੈਣ ਦੇ ਸੰਜੋਗ ਬਣਾਉਂਦਾ, ਤੇ ਔਗੁਣਾਂ ਤੋਂ ਛੁੱਟਣ ਦਾ ਰਾਹ ਕਰਦਾ ਹੈ; ਇਸ ਤਰ੍ਹਾਂ ਉਹ ਅਪਣੇ ਸੋਹਣੇ ਭਾਗ ਲਿਖਦਾ/ਬਣਾਉਂਦਾ ਹੈ

## ਆਦੇਸੁ ਤਿਸੈ ਆਦੇਸੁ ॥

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਟੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

## ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥

ਇੱਕ (ਅੰਦਰ ਵੱਸਦੇ ਪ੍ਰਭੂ ਦੀ) ਮੱਤ ਤੋਂ ਵਿਕਾਰਾਂ ਤੋਂ ਛੁੱਟਣ ਦੀ ਜੋ ਜੁਗਤ/ਗਿਆਨ ਸਾਡੇ ਅੰਦਰ ਸਦਾ ਵਿਆਪ ਰਹੀ ਹੈ, ਉਸਨੂੰ ਸਿਰਮੱਥੇ ਮੰਨਣ ਵਾਲ਼ੇ (ਚੇਲੇ) ਹੀ ਪ੍ਰਭੂ ਦੇ ਦਰ ਤੇ ਪਰਵਾਨ ਹੁੰਦੇ ਨੇ

## ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

ਇਹ ਮੱਤ ਸਾਡੇ ਅੰਦਰ ਗੁਣਾਂ ਦੇ ਸੰਸਾਰ/ਸ੍ਰਿਸ਼ਟੀ ਦੀ ਰਚਨਾ ਕਰਦੀ ਹੈ, ਉਨ੍ਹਾਂ ਗੁਣਾਂ ਨੂੰ ਪਾਲਣ/ਸੰਭਾਲਣ ਦੀ ਜੁਗਤ ਦੱਸਦੀ ਹੈ, ਤੇ ਇਸ ਮੱਤ ਨਾਲ਼ ਮਨ ਗੁਣ-ਔਗੁਣ ਦਾ ਫਰਕ ਕਰਕੇ ਖੁਦ ਨੂੰ ਔਗੁਣਾਂ 'ਚੋਂ ਕੱਢਦਾ ਜਾਂਦਾ ਹੈ

## ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥

ਜਿਵੇਂ ਜਿਵੇਂ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ/ਪਸੰਦ ਹੈ, ਓਵੇਂ ਓਵੇਂ ਇਹ ਮੱਤ ਇਸ ਮਨ ਨੂੰ ਉਸ ਰੱਬੀ ਫੁਰਮਾਨ/ਹੁਕਮ ਅਨੁਸਾਰ ਚਲਾਉਂਦੀ ਹੈ

## ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥

ਇੱਕ ਵੱਡਾ ਕਾਰਜ ਇਹ ਮੱਤ ਇਹ ਕਰਦੀ ਹੈ ਕਿ ਜਦ ਵੀ ਅੰਦਰ (ਓਨਾ) ਵਿਕਾਰਾਂ ਨੂੰ ਦੇਖਦੀ ਹੈ ਤਾਂ ਕੱਢ ਕੇ ਦੂਰ ਕਰਦੀ ਹੈ (ਨਜ਼ਰ 'ਚ ਨ੍ਹੀ ਆਉਣ ਦੇਂਦੀ)

## ਆਦੇਸੁ ਤਿਸੈ ਆਦੇਸੁ ॥

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਟੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

## ਆਸਣੁ ਲੋਇ ਲੋਇ ਭੰਡਾਰ ॥

(ਰੱਬੀ ਹੁਕਮ ਨੂੰ ਮੰਨਣ ਵਾਲ਼ੇ ਦੇ) ਅੰਦਰ ਰੱਬੀ ਗਿਆਨ ਦੀ ਲੋਅ/ਚਾਨਣ ਦੇ ਭੰਡਾਰ ਦੇ ਆਸਣ/ਟਿਕਾਣੇ ਬਣਦੇ ਜਾਂਦੇ ਨੇ

## ਜੋ ਕਿਛੁ ਪਾਇਆ ਸੁ ਏਕਾ ਵਾਰ ॥

ਤੇ ਇਹ ਜੋ ਵੀ ਖਜ਼ਾਨੇ ਅੰਦਰ ਉਹ ਪਾਉਂਦਾ ਹੈ ਸਭ ਇੱਕ ਰੱਬੀ ਹੁਕਮ ਕਰਕੇ ਹੀ ਹਾਸਲ ਹੁੰਦੇ ਨੇ

## ਕਰਿ ਕਰਿ ਵੇਖੈ ਸਿਰਜਣਹਾਰੁ ॥

ਇਸ ਰੱਬੀ ਗਿਆਨ ਨੂੰ ਦ੍ਰਿੜ ਕਰ-ਕਰ ਕੇ ਉਹ ਅੰਦਰ ਵੱਸਦੇ ਪਰਮਾਤਮਾ ਨੂੰ ਦੇਖਦਾ/ਜਾਣਦਾ ਹੈ

## ਨਾਨਕ ਸਚੇ ਕੀ ਸਾਚੀ ਕਾਰ ॥

ਰੱਬੀ ਗਿਆਨ/ਹੁਕਮ ਨੂੰ ਦ੍ਰਿੜ ਕਰਨਾ - ਏਹੋ ਉਸ ਸੱਚੇ ਮਾਲਕ ਦੀ ਸੱਚੀ ਸੇਵਾ ਹੈ

## ਆਦੇਸੁ ਤਿਸੈ ਆਦੇਸੁ ॥

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

## ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਤੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

## ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥

(ਜੇਕਰ ਜ਼ੁਬਾਨ ਤੋਂ ਬੋਲਣ ਨਾਲ਼ ਕੁਝ ਹੋਵੇ ਤਾਂ) ਇੱਕ ਤੋਂ ਦੋ, ਦੋ ਤੋਂ ਲੱਖ, ਲੱਖ ਤੋਂ ਵੀਹ ਲੱਖ ਜੀਭਾਂ ਵੀ ਜੇ ਹੋ ਜਾਣ

## ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

ਤੇ ਉਨ੍ਹਾਂ ਨਾਲ਼ ਲੱਖ-ਲੱਖ ਵਾਰ ਗੇੜਾ ਦੇ-ਦੇ ਕੇ ਰੱਬ ਦੇ ਕਿਸੇ ਖਾਸ ਨਾਮ ਨੂੰ ਆਖਿਆ ਜਾਵੇ (ਤਾਂ ਵੀ ਉਸਤੋਂ ਕੁਝ ਹਾਸਲ ਨਹੀਂ ਹੁੰਦਾ)

## ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਅੰਦਰੋਂ ਸਚਿਆਰ/ਪਵਿੱਤਰ ਹੋਣ ਦੇ ਇਸ ਰਾਹ 'ਤੇ ਰੱਬੀ ਗੁਣਾਂ ਨੂੰ ਜੀ ਕੇ ਖੁਦ ਦੇ ਸੁਧਾਰ (ਪੱਤ) ਦੀਆਂ ਪੌੜੀਆਂ ਚੜ੍ਹਨ ਨਾਲ਼ ਅੰਦਰ ਵੱਸਦੇ ਰੱਬ ਨਾਲ਼ ਇੱਕ ਹੋਈਦਾ ਹੈ

## ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥

ਪਰ ਉਸ ਵਿਸ਼ਾਲ਼ (ਅਕਾਸ਼) ਪਵਿੱਤਰ ਜੀਵਨ ਬਾਰੇ ਸੁਣ/ਪੜ੍ਹ ਕੇ ਜਦ ਕੋਈ ਅਪਣੀ ਨੀਵੀਂ (ਵਿਕਾਰਾਂ ਵਾਲ਼ੀ) ਸੋਚ ਛੱਡੇ ਬਗੈਰ ਸਿਰਫ ਜੀਭ/ਜ਼ੁਬਾਨ ਨਾਲ਼ ਰੱਬ ਨੂੰ ਪਾਉਣ ਦੀ ਕੋਸ਼ਿਸ਼/ਰੀਸ ਕਰਦਾ ਹੈ

## ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

ਤਾਂ ਉਹ ਇਹ ਭੁੱਲ ਰਿਹਾ ਹੈ ਕਿ ਰੱਬ ਨਾਲ਼ ਇਕਮਿਕਤਾ ਅੰਦਰ ਵੱਸਦੇ ਪ੍ਰਭੂ ਦੀ ਗੱਲ ਨੂੰ ਮੰਨ ਕੇ ਉਸਦੀ ਖੁਸ਼ੀ ਲੈ ਕੇ ਹੁੰਦੀ ਹੈ। ਬਾਹਰੋਂ ਜੀਭ ਨਾਲ਼ ਕਿਸੇ ਖਾਸ ਲਫਜ਼ਾਂ ਨੂੰ ਰਟ ਕੇ ਰੱਬ ਨੂੰ ਪਾ ਲੈਣ ਦੀ ਜ਼ਿਦ (ਠੀਸ) ਫਜ਼ੂਲ ਹੈ

## ਆਖਣਿ ਜੋਰੁ ਚੁਪੈ ਨਹ ਜੋਰੁ ॥

ਜੀਭ ਨਾਲ਼ ਆਖਣ, ਜਾਂ ਚੱਪ ਹੋ ਜਾਣ ਵਿੱਚ ਐਸਾ ਜੋਰ ਨਹੀਂ ਕਿ ਰੱਬ ਨੂੰ ਪਾ ਸੱਕੀਏ

## ਜੋਰੁ ਨ ਮੰਗਣਿ ਦੇਣਿ ਨ ਜੋਰੁ ॥

ਨਾ ਉਸਨੂੰ ਜ਼ੁਬਾਨ ਰਾਹੀਂ ਮੰਗ ਕੇ ਪਾਇਆ ਜਾ ਸਕਦਾ ਹੈ ਨਾ ਹੀ ਕੁਝ ਬਾਹਰੀ ਦੇ ਕੇ ਉਸਨੂੰ (ਖਰੀਦ) ਲਿਆ ਜਾ ਸਕਦਾ ਹੈ

## ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

ਬਾਹਰੀ ਜੀਵਨ ਜਾਂ ਮੌਤ ਦਾ ਜ਼ੋਰ ਨਹੀਂ ਕਿ ਸਾਨੂੰ ਰੱਬ ਨਾਲ਼ ਮਿਲ਼ਾ ਦੇਵੇ (ਅੰਦਰੋਂ ਕੁਝ ਨਹੀਂ ਬਦਲਿਆ ਤਾਂ ਬਾਹਰੀ ਜੀਵਨ ਦੇ ਵਿਖਾਵੇ ਰੱਬ ਨਹੀਂ ਮਿਲਾਉਂਦੇ)

## ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਨਾ ਹੀ ਰਾਜ-ਪਾਟ ਪੈਸੇ-ਧਨ 'ਚ ਜੋਰ ਹੈ ਰੱਬ ਨੂੰ ਮਿਲਾਉਣ ਦਾ। ਇਹ ਸਭ ਤਾਂ ਮਨ ਦਾ ਹੀ ਸ਼ੋਰ/ਜ਼ਿਦ ਹੈ

## ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਕੇਵਲ ਬਾਹਰੋਂ ਗਿਆਨ ਦੀਆਂ ਵਿਚਾਰਾਂ ਕਰਨ ਵਿੱਚ ਇਹ ਤਾਕਤ ਨਹੀਂ ਕਿ ਸੁਰਤ ਵਿੱਚ ਰੱਬੀ ਗਿਆਨ ਉੱਤਰ ਜਾਵੇ

## ਜੋਰੁ ਨ ਜੁਗਤੀ ਛੁਟੈ ਸੰਸਾਰੁ ॥

ਸੰਸਾਰੀ ਮੱਤ ਦੀਆਂ ਜੁਗਤੀਆਂ/ਚਲਾਕੀਆਂ 'ਚ ਐਨਾਂ ਜੋਰ ਨਹੀਂ ਕਿ ਉਨ੍ਹਾਂ ਨਾਲ਼ ਮਨ ਵਿਕਾਰਾਂ ਤੋਂ ਛੱਟ ਜਾਵੇ

## ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਜਿਸ ਕਿਸੇ ਨੂੰ ਲੱਗਦਾ ਹੈ ਕਿ ਅਪਣੀ ਮੱਤ ਨਾਲ਼ ਕਰ ਸਕਦਾ ਹੈ, ਉਹ ਕਰਕੇ ਵੇਖ ਲਵੇ

## ਨਾਨਕ ਉਤਮੁ ਨੀਚੁ ਨ ਕੋਇ ॥੩੩॥

ਇਹ ਬਾਹਰੀ ਜੋਰ ਹੋਣ ਜਾਂ ਨਾ ਹੋਣ ਨਾਲ਼ ਕੋਈ ਰੱਬ ਦੇ ਅੰਦਰਲੇ ਰਾਹ 'ਤੇ ਵੱਡਾ ਜਾਂ ਛੋਟਾ ਨਹੀਂ ਹੁੰਦਾ

## ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥

ਸਮੇਂ ਦੇ ਨਿਯਮ ਵਿੱਚ ਬੱਝ ਕੇ ਬਾਹਰੀ ਤੱਤ ਸ੍ਰਿਸ਼ਟੀ ਨੂੰ ਸਾਜਦੇ ਨੇ

## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥

ਤੇ ਇਨ੍ਹਾਂ ਦੇ ਵਿੱਚ ਧਰਤੀ ਅਟੱਲ ਹੁਕਮ 'ਚ ਚੱਲਦੀ ਹੈ। ਇਸੇ ਤਰ੍ਹਾਂ ਸਾਡੇ ਸਮੇਂ ਦੇ ਅਧੀਨ ਹਵਾ, ਪਾਣੀ ਵਰਗੇ ਤੱਤਾਂ ਨਾਲ਼ ਚਲਦੇ ਸ਼ਰੀਰ ਵਿੱਚ ਸਾਡੀ ਅੰਦਰਲੀ ਸੁਰਤ (ਧਰਤੀ) ਪ੍ਰਭੂ ਦੇ ਧਰਮ (ਰੱਬੀ ਹੁਕਮ) ਨੂੰ ਸਮਝਣ ਤੇ ਦ੍ਰਿੜ ਕਰਨ ਵਾਲ਼ੀ ਪਵਿੱਤਰ ਥਾਂ ਹੈ

## ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥

ਅਪਣੀ ਸੁਰਤ ਅੰਦਰ ਅਸੀਂ ਪਰਮਾਤਮਾ ਦੇ ਹੁਕਮ ਵਿੱਚੋਂ ਜੀਵਨ ਦੀ ਜੁਗਤ ਦਾ ਰੰਗ/ਗਿਆਨ ਲੈਂਦੇ ਹਾਂ

## ਤਿਨ ਕੇ ਨਾਮ ਅਨੇਕ ਅਨੰਤ ॥

ਜੀਵਨ ਜੀਊਣ ਦੇ ਸੋਹਣੇ ਢੰਗ (ਧਰਮ) ਦਾ ਬੇਅੰਤ ਗੁਣਾਂ ਵਾਲ਼ਾ ਭੰਡਾਰ ਅੰਦਰ ਹੀ ਹੈ

## ਕਰਮੀ ਕਰਮੀ ਹੋਇ ਵੀਚਾਰੁ ॥

ਜਦ ਅਪਣੇ ਹਰ ਕਰਮ ਦੀ ਵਿਚਾਰ ਅਸੀਂ ਅੰਦਰੋਂ ਸਿੱਖਿਆ/ਸੇਧ ਲੈਕੇ ਕਰਦੇ ਹਾਂ

## ਸਚਾ ਆਪਿ ਸਚਾ ਦਰਬਾਰੁ ॥

ਤਾਂ ਅੰਦਰ ਇਹ ਮਨ ਆਪ ਸਚਿਆਰ ਹੁੰਦਾ ਜਾਂਦਾ ਹੈ, ਤੇ ਅੰਦਰ ਹੀ ਅਪਣੇ ਗੁਰੂ ਗਿਆਨ ਅਨੁਸਓਰ ਫੈਸਲੇ ਕਰਨ ਵਾਲ਼ਾ ਦਰਬਾਰ ਮਿਲ਼ ਜਾਂਦਾ ਹੈ

## ਤਿਥੈ ਸੋਹਨਿ ਪੰਚ ਪਰਵਾਣੁ ॥

ਫਿਰ ਇਹ ਪੰਚ (ਸਚਿਆਰ ਹੁੰਦਾ ਮਨ) ਅੰਦਰ ਵੱਸਦੇ ਪ੍ਰਭੂ ਦੇ ਅਟੱਲ ਦਰਬਾਰ ਵਿੱਚ ਸਦਾ ਸ਼ੋਭਾ/ਵਡਿਆਈ ਪਾਉਂਦਾ ਹੈ

## ਨਦਰੀ ਕਰਮਿ ਪਵੈ ਨੀਸਾਣੁ ॥

ਰੱਬੀ ਹੁਕਮ ਦੀ ਮਿਹਰ/ਕਰਮ ਨਾਲ਼ ਐਸਾ ਮਨ ਰੱਬ ਨਾਲ਼ ਇਕਮਿਕਤਾ ਦੇ ਰਾਹ ਦੀਆਂ ਮੰਜ਼ਲਾਂ/ਨਿਸ਼ਾਨ ਸਰ ਕਰਦਾ ਜਾਂਦਾ ਹੈ

## ਕਚ ਪਕਾਈ ਓਥੈ ਪਾਇ ॥

ਉਹ ਅਪਣੀ ਸੁਰਤ ਦੀ ਧਰਤੀ 'ਤੇ ਰੱਬੀ ਹੁਕਮ/ਧਰਮ ਰਾਹੀਂ ਅਪਣੀ ਕੱਚੀ/ਕਮਜ਼ੋਰ ਸੋਚ ਨੂੰ ਪਕਾਉਣ (ਉੱਚਾ ਚੁੱਕਣ) ਦੀ ਜੁਗਤ ਪਾਉਂਦਾ/ਲੈਂਦਾ ਰਹਿੰਦਾ ਹੈ

## ਨਾਨਕ ਗਇਆ ਜਾਪੈ ਜਾਇ ॥੩੪॥

ਪਰ ਅਪਣੇ ਅੰਦਰ ਜਾ ਕੇ ਉਸ ਹੁਕਮ/ਧਰਮ ਨੂੰ ਸੁਣ/ਮੰਨ ਕੇ ਹੀ ਇਹ ਕਾਰਜ/ਗਿਆਨ ਹੁੰਦਾ ਹੈ

## ਧਰਮ ਖੰਡ ਕਾ ਏਹੋ ਧਰਮੁ ॥

ਸੁਚੱਜੀ ਜੀਵਨ ਜਾਚ ਨੂੰ ਦ੍ਰਿੜ ਕਰਣ ਵਾਲ਼ੀ ਇਸ ਅਵਸਥਾ (ਧਰਮਖੰਡ) ਦਾ ਏਹੋ ਨਿਯਮ/ਧਰਮ ਹੈ ਕਿ

## ਗਿਆਨ ਖੰਡ ਕਾ ਆਖਹੁ ਕਰਮੁ ॥

ਅੰਦਰੋਂ ਰੱਬੀ ਹੁਕਮ ਦੀ ਸਮਝ ਲੈਣ ਵਾਲ਼ੀ ਅਵਸਥਾ (ਗਿਆਨਖੰਡ) ਲਈ ਕਰਮ/ਜਤਨ ਕਰਣਾ ਹੈ

## ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਇਹ ਜਾਨਣਾ ਕਿ ਰੱਬੀ ਹੁਕਮ 'ਚ ਹਵਾ, ਪਾਣੀ, ਅੱਗ ਵਰਗੇ ਕਿੰਨੇ ਹੀ ਤੱਤਾਂ ਦਾ ਬਣੇ ਸ਼ਰੀਰ/ਜੀਵਨ ਵਿੱਚ ਬੇਅੰਤ ਹੀ ਦੇਵਤਿਆਂ ਵਾਲ਼ੇ ਗੁਣ ਮੌਜੂਦ ਨੇ

## ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

ਕਿੰਨੀ ਹੀ ਤਰ੍ਹਾਂ ਦੀ ਚੰਗੇ-ਮਾੜੇ ਰੂਪਾਂ-ਰੰਗਾਂ ਦੇ ਵਿਚਾਰਾਂ ਦੀ ਘਾੜਤ ਘੜ੍ਹਣ ਦੀ ਸ਼ਕਤੀ ਇਸ ਅੰਦਰ ਹੈ

## ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥

ਮਨ ਦੀਆਂ ਬੇਅੰਤ ਧਰਤੀਆਂ/ਅਵਸਥਾਵਾਂ ਵਿੱਚ (ਪਰਬਤਾਂ ਵਰਗੇ) ਉੱਚੇ ਗੁਣ ਅਤੇ ਬੇਅੰਤ ਸਿੱਧੇ ਰਾਹ ਪਾਉਣ ਵਾਲ਼ੇ ਉਪਦੇਸ਼ ਹਨ

## ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥

ਮਨ ਦੇ ਬੇਅੰਤ ਛੋਟੇ ਤੋਂ ਵੱਡੇ ਹਿੱਸਿਆਂ 'ਚ ਗਿਆਨ ਦੇ ਚਾਨਣ (ਸੂਰਜ), ਰੱਬੀ ਗੁਣਾਂ ਦੀ ਠੰਡਕ (ਚੰਦ) ਤੇ ਗਿਆਨ ਦੀ ਛਹਿਬਰ/ਵਰਖਾ (ਇੰਦਰ) ਵਾਲ਼ੀਆਂ ਬੇਅੰਤ ਹੀ ਸ਼ਕਤੀਆਂ ਨੇ

## ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥

ਅੰਦਰੋਂ ਹੀ ਪੂਰਨਤਾ, ਅਧਿਆਤਮਕ ਉਚਿਆਈ ਦੀ ਪ੍ਰਾਪਤੀ ਕਰਾਉਣ ਵਾਲ਼ੀ ਕਿੰਨੇ ਹੀ ਭਾਂਤਾਂ ਦੀ ਉੱਚੀ ਮੱਤ ਵੀ (ਰੱਬੀ ਹੁਕਮ ਨੂੰ ਮੰਨਣ 'ਚ) ਹੀ ਹੈ

## ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥

ਅੰਦਰ ਹੀ ਉਹ ਬੇਅੰਤ ਸ਼ਕਤੀਆਂ ਨੇ ਜੋ ਗਿਆਨ ਦੇ ਸਮੁੰਦਰ ਨੂੰ ਰਿੜਕ/ਵਿਚਾਰ ਕੇ ਉਸ 'ਚੋਂ ਸੋਹਣੀ ਜੀਵਨ ਜਾਚ ਵਾਲ਼ੇ ਕੀਮਤੀ ਗੁਣ/ਰਤਨ ਕੱਢਦੇ ਨੇ

## ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਇਹ ਗਿਆਨ/ਚਾਨਣ ਲੈਣਾ ਕਿ ਸਾਡੇ ਅੰਦਰ ਹੀ ਬੇਅੰਤ ਤਰ੍ਹਾਂ ਨਾਲ਼ ਅਨੇਕਾਂ ਤਰ੍ਹਾਂ ਦੇ ਖਿਆਲਾਂ ਦੀ ਬਣਤਰ ਹੁੰਦੀ ਹੈ ਜੋ ਸਾਨੂੰ ਅੰਦਰੋਂ ਅਨਗਿਣਤ ਤਰੀਕਿਆਂ ਨਾਲ਼ ਤ੍ਰਿਪਤ ਕਰਦੇ (ਰੱਜੇ ਹੋਏ ਰਾਜੇ ਬਣਾਉਂਦੇ) ਨੇ

## ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

ਕਿੰਨੇ ਹੀ ਤਰ੍ਹਾਂ ਦੀ ਸੁਰਤ/ਸੋਚ ਤੇ ਉਸ ਸੋਚ ਨੂੰ ਸੇਵਣ/ਮੰਨਣ ਵਾਲ਼ੇ ਬੇਅੰਤ ਹੀ ਕਰਮ ਵੀ ਅੰਦਰ ਹੀ ਨੇ। ਕੋਈ ਅੰਤ ਹੀ ਨਹੀਂ ਸਾਡੀ ਅੰਦਰਲੀ ਇਸ ਰਚਨਾ ਦਾ

## ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

ਗਿਆਨਖੰਡ ਵਾਲ਼ੀ ਅਵਸਥਾ ਵਿਚ ਅਪਣੇ ਅੰਦਰਲੇ ਵਰਤਾਰੇ ਦੀ ਸਮਝ ਪ੍ਰਚੰਡ/ਮਜ਼ਬੂਤ ਹੁੰਦੀ ਹੈ (ਖੁਦ ਨੂੰ ਸਮਝੇ ਬਗੈਰ ਅਸੀਂ ਅਪਣੇ ਅੰਦਰ ਚੰਗੇ ਬਦਲਾਅ ਕਰ ਹੀ ਨਹੀਂ ਸਕਦੇ)

## ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਉਸ ਗਿਆਨ ਨਾਲ਼ ਖੁਦ ਨੂੰ ਖੋਜ ਕੇ ਅੰਦਰ ਅਨੰਦ/ਖੇੜਾ ਹੁੰਦਾ ਜਾਂਦਾ ਹੈ

## ਸਰਮ ਖੰਡ ਕੀ ਬਾਣੀ ਰੂਪੁ ॥

ਫਿਰ ਮਨ ਅਪਣੇ ਅੰਦਰ ਬਦਲਾਅ ਕਰਨ ਲਈ ਸ਼ਰਮਖੰਡ ਵੱਲ ਆਉਂਦਾ ਹੈ ਜਿੱਥੇ ਉਹ ਅਪਣੇ ਅੰਦਰ ਸੋਹਣੇ ਰੂਪ ਨੂੰ ਬਣਾਉਣ ਮਿਹਨਤ/ਸ਼੍ਰਮ ਕਰਦਾ ਹੈ

## ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਇਹ ਉਹ ਅਵਸਥਾ ਹੈ ਜਿੱਥੇ ਬਹੁਤ ਸੋਹਣੀ ਘਾੜਤ ਘੜੀ ਜਾਂਦੀ ਹੈ

## ਤਾ ਕੀਆ ਗਲਾ ਕਥੀਆ ਨਾ ਜਾਹਿ ॥

ਅਪਣੇ ਅੰਦਰ ਦੀ ਸੋਹਣੀ ਘਾੜਤ ਗੱਲਾਂ ਦਾ ਵਿਸ਼ਾ ਨਹੀਂ

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਗੱਲਾਂਬਾਤਾਂ ਨਾਲ਼ ਕੇ ਕਿ ਮੈਂ ਖੁਦ ਨੂੰ ਬਦਲ ਲਵਾਂ ਤਾਂ ਉਹ ਹਾਰਦਾ/ਪਛਤਾਉਂਦਾ ਹੈ

## ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਮਿਹਨਤ/ਸ਼੍ਰਮ ਹੁੰਦੀ ਹੈ ਅਪਣੀ ਸੁਰਤ, ਮੱਤ, ਮਨ ਦੀ ਮੱਤ/ਦਿਸ਼ਾ ਨੂੰ ਬਦਲਣ (ਨਵੇਂ ਸਿਰੋਂ ਘੜਣ) ਲਈ

## ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਗੁਰੂ ਗਿਆਨ ਨਾਲ਼ ਅਪਣੇ ਅੰਦਰ ਰੱਬੀ ਗੁਣਾਂ ਤੇ ਪੂਰਨ ਪੁਰਖ (ਸਚਿਆਰ) ਵਾਲ਼ੀ ਸੋਚ ਘੜੀ ਜਾਂਦੀ ਹੈ

## ਕਰਮ ਖੰਡ ਕੀ ਬਾਣੀ ਜੋਰੁ ॥

(ਸ਼੍ਰਮ ਕਰਕੇ ਖੁਦ ਨੂੰ ਨਿਖਾਰਨ ਵਾਲ਼ੇ) ਮਨ ਅੰਦਰ ਰੱਬੀ ਕਰਮ/ਹੁਕਮ ਦਾ ਹੀ ਜ਼ੋਰ ਚੱਲਦਾ ਹੈ

## ਤਿਥੈ ਹੋਰੁ ਨ ਕੋਈ ਹੋਰੁ ॥

ਉਸ ਮਨ ਅੰਦਰ ਅੰਦਰ ਹੋਰ (ਵਿਕਾਰਾਂ/ਬੁਰਾਈਆ) ਦਾ ਕੋਈ ਜ਼ੋਰ ਨਹੀਂ ਰਹਿੰਦਾ

## ਤਿਥੈ ਜੋਧ ਮਹਾਬਲ ਸੂਰ ॥

ਉਸਦੇ ਅੰਦਰ ਹਰ ਹਿਸਾ ਨਿਕੰਮੇ/ਨੀਵੇਂ ਵਿਚਾਰਾਂ ਨਾਲ਼ ਜੂਝਣ ਵਾਲ਼ਾ ਸੂਰਮਾ ਬਣ ਜਾਂਦਾ ਹੈ

## ਤਿਨ ਮਹਿ ਰਾਮੁ ਰਹਿਆ ਭਰਪੂਰ ॥

ਉਨ੍ਹਾਂ ਸਾਰੇ ਹਿੱਸਿਆਂ 'ਚ ਇਕ ਪਰਮਾਤਮਾ ਵੱਸ ਗਿਆ ਹੈ (ਧਿਆਨ ਪ੍ਰਭੂ ਦੇ ਹੁਕਮ ਵੱਲ ਹੋ ਗਿਆ ਹੈ)

## ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

ਉਸ ਮਨ ਅੰਦਰ ਹਰ ਵਿਚਾਰ ਰੱਬੀ ਹੁਕਮ ਦੀ ਮਹਿਮਾ/ਵਡਿਆਈ 'ਚ ਸੀਤਾ (ਪੱਕਾ ਹੋ) ਗਿਆ ਹੈ

## ਤਾ ਕੇ ਰੂਪ ਨ ਕਥਨੇ ਜਾਹਿ ॥

ਐਸੇ ਮਨ ਦੇ ਸੋਹਣੇ ਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ (ਗੁਣਾਂ ਨਾਲ਼ ਭਰਿਆ ਰਹਿੰਦਾ ਹੈ)

## ਨਾ ਓਹਿ ਮਰਹਿ ਨ ਠਾਗੇ ਜਾਹਿ ॥

ਉਹ ਵਿਕਾਰਾਂ/ਬੁਰਾਈਆ 'ਚ ਮਰਦਾ/ਫੱਸਦਾ ਨਹੀਂ, ਤੇ ਨਾ ਹੀ ਕਿਸੇ ਬੁਰੇ ਵਿਚਾਰ ਵਿੱਚ (ਠੱਗਿਆ/ਵਰਗਲਾਇਆ) ਅਪਣੀ ਚੰਗਿਆਈ ਨੂੰ ਛੱਡਦਾ ਹੈ

## ਜਿਨ ਕੈ ਰਾਮੁ ਵਸੈ ਮਨ ਮਾਹਿ ॥

ਕਿਉਕਿ ਮਨ ਦੇ ਹਰ ਹਿੱਸੇ 'ਚ ਪਰਮਾਤਮਾ ਵੱਸ ਗਿਆ ਹੈ (ਰੱਬ ਤਾਂ ਪਹਿਲਾਂ ਵੀ ਵੱਸ ਰਿਹਾ ਸੀ, ਪਰ ਹੁਣ ਅੰਦਰੋਂ ਕੂੜ ਦੀ ਮੈਲ਼ ਹਟਾ ਕੇ ਨਿਰੰਤਰ ਉਸਨੂੰ ਮਿਲ਼ ਰਿਹਾ ਹੈ)

## ਤਿਥੈ ਭਗਤ ਵਸਹਿ ਕੇ ਲੋਅ ॥

ਐਸੇ ਮਨ ਦੇ ਅੰਦਰ ਰੱਬੀ ਗੁਣਾਂ ਦੀ ਲੋਅ/ਚਾਨਣ ਵਿੱਚ ਖੁਦ ਨੂੰ ਰੱਬੀ ਹੁਕਮ ਨੂੰ ਸੌਂਪਣ ਦਾ ਕਾਰਜ ਹੁੰਦੇ ਨੇ

## ਕਰਹਿ ਅਨੰਦੁ ਸਚਾ ਮਨਿ ਸੋਇ ॥

ਜਿਨ੍ਹਾਂ ਕਰਕੇ ਮਨ ਸਚਿਆਰ ਹੋਣ ਵੱਲ ਤੁਰਦਾ ਅੰਦਰੋਂ ਅਨੰਦ ਪ੍ਰਾਪਤ ਕਰੀ ਜਾਂਦਾ ਹੈ

## ਸਚ ਖੰਡਿ ਵਸੈ ਨਿਰੰਕਾਰੁ ॥

(ਲਗਾਤਾਰ ਰੱਬੀ ਹੁਕਮ ਦੇ ਜ਼ੋਰ ਵਿੱਚ ਜੀਊਂਦਾ ਮਨ) ਅਪਣੇ ਅੰਦਰ ਉਸ ਸਚਖੰਡ 'ਚ ਪੁੱਜਦਾ ਹੈ ਜਿੱਥੇ ਸਿਰਫ ਪਰਮਾਤਮਾ ਹੀ ਹੈ

## ਕਰਿ ਕਰਿ ਵੇਖੈ ਨਦਰਿ ਨਿਹਾਲ ॥

ਰੱਬੀ ਹੁਕਮ/ਗਿਆਨ ਨੂੰ ਦ੍ਰਿੜ ਕਰਦਾ ਕਰਦਾ ਉਸ ਮਾਲਕ ਦੇ ਦਰਸ਼ਨ ਅਪਣੇ ਅੰਦਰ ਕਰਦਾ ਉਹ ਨਿਹਾਲ ਹੋਇਆ ਰਹਿੰਦਾ ਹੈ

## ਤਿਥੈ ਖੰਡ ਮੰਡਲ ਵਰਭੰਡ ॥

ਉਸ ਮਨ ਦੇ ਹਰ ਛੋਟ (ਖੰਡ-ਮੰਡਲ) ਤੋਂ ਵੱਡੇ (ਵਰਭੰਡ) ਵਿਚਾਰ ਇੰਜ ਰੱਬੀ ਪਿਆਰ 'ਚ ਸਮਾਏ ਹੁੰਦੇ ਨੇ

## ਜੇ ਕੋ ਕਥੈ ਤ ਅੰਤ ਨ ਅੰਤ ॥

ਕਿ ਜੇ ਕੋਈ ਕਹਿਣ ਲੱਗੇ ਤਾਂ ਉਸ ਵਡਿਆਈ ਦਾ ਹਦ-ਬੰਨਾਂ ਨਹੀਂ

## ਤਿਥੈ ਲੋਅ ਲੋਅ ਆਕਾਰ ॥

ਉਸ ਸਚਖੰਡ (ਜਿੱਥੇ ਮਨ ਰੱਬੀ ਗੁਣਾਂ 'ਚ ਰਚ ਕੇ ਰੱਬ ਦਾ ਹੀ ਰੂਪ ਹੋ ਗਿਆ) ਵਿੱਚ ਰੱਬੀ ਗਿਆਨ ਦੇ ਅਪਾਰ ਚਾਨਣ/ਲੋਅ ਦਾ ਹੀ ਅਕਾਰ/ਪਸਾਰਾ ਰਹਿ ਜਾਂਦਾ ਹੈ (ਕੂੜ/ਵਿਕਾਰ ਦਾ ਹਨੇਰਾ ਮੁੱਕ ਜਾਂਦਾ ਹੈ)

## ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਹੁਣ ਸਿਰਫ ਓਹੀ ਕਰਮ ਹੁੰਦੇ ਨੇ ਜੋ ਪ੍ਰਭੂ ਹੁਕਮ ਕਰ ਰਿਹਾ ਹੈ (ਮਨ ਦੀ ਮੱਤ ਖਤਮ ਹੋ ਕੇ ਸਿਰਫ ਰੱਬ ਦੀ ਮੱਤ ਰਹਿ ਜਾਂਦੀ ਹੈ)

## ਵੇਖੈ ਵਿਗਸੈ ਕਰਿ ਵੀਚਾਰੁ ॥

ਓਥੇ ਹੁਣ ਮਨ ਨਹੀਂ ਕੇਵਲ ਰੱਬ ਹੀ ਹੈ ਜੋ ਸਭ ਵੇਖਦਾ/ਕਰਦਾ ਤੇ ਸਦਾ ਅੰਦਰੂਨੀ ਅਨੰਦ ਦੀ ਵਿਚਾਰ/ਬਖਸ਼ਿਸ਼ ਕਰਦਾ ਹੈ

## ਨਾਨਕ ਕਥਨਾ ਕਰੜਾ ਸਾਰੁ ॥੩੭॥

ਐਸੀ ਸਚਿਆਰ ਅਵਸਥਾ ਬਾਰੇ ਕਹਿਣਾ ਬਹੁਤ ਔਖਾ ਹੈ (ਓਥੇ ਪਹੁੰਚ ਕੇ ਹੀ ਇਹ ਅਨੰਦ ਮਾਣਿਆ ਜਾ ਸਕਦਾ ਹੈ)

## ਜਤੁ ਪਾਹਾਰਾ ਧੀਰਜੁ ਸੁਨਿਆਰੁ ॥

(ਸਚਖੰਡ ਤੱਕ ਲਈ) ਮਨ ਨੂੰ ਕਾਬੂ ਕਰਕੇ ਧੀਰਜ/ਸਬਰ ਨਾਲ਼

## ਅਹਰਣਿ ਮਤਿ ਵੇਦੁ ਹਥੀਆਰੁ ॥

ਅਪਣੀ ਮੱਤ ਉੱਤੇ ਰੱਬੀ ਗੁਰੂ ਗਿਆਨ ਨਾਲ਼ ਲਗਾਤਾਰ ਕੰਮ ਕਰੀਏ

## ਭਉ ਖਲਾ ਅਗਨਿ ਤਪ ਤਾਉ ॥

ਰੱਬੀ ਹੁਕਮ ਦੇ ਦਾਇਰੇ ਵਿੱਚ ਖੁਦ ਨੂੰ ਰੱਖ ਕੇ ਉਸ ਗਿਆਨ ਨੂੰ ਜੀਵਨ 'ਚ ਢਾਲਣ ਦਾ ਉੱਦਮ/ਮਿਹਨਤ ਕਰੀਏ

## ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

ਫਿਰ ਇਸ ਮਨ ਵਿੱਚ ਰੱਬੀ ਪਿਆਰ ਤੇ ਗੁਣਾਂ ਦਾ ਅਮ੍ਰਿੰਤ ਆਵੇਗਾ

## ਘੜੀਐ ਸਬਦੁ ਸਚੀ ਟਕਸਾਲ ॥

ਅਪਣੀ ਸੁਰਤ ਦੀ ਇਸ ਟਕਸਾਲ ਵਿੱਚ ਰੱਬੀ ਗਿਆਨ/ਸਬਦ ਨਾਲ਼ ਖੁਦ ਨੂੰ ਨਿੱਤ ਘੜੀਏ

## ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਜੋ ਏਸ ਪਾਸੇ ਨਜ਼ਰ/ਧਿਆਨ ਕਰਕੇ ਇਹ ਕਰਮ ਅਪਣੇ ਵਿਹਾਰ 'ਚ ਨਿਰੰਤਰ ਕਰਦੇ ਨੇ

## ਨਾਨਕ ਨਦਰੀ ਨਦਰਿ ਨਿਹਾਲ ॥੩੮॥

ਉਹੋ (ਸਚਿਆਰ ਮਨ) ਰੱਬੀ ਕਿਰਪਾ ਦੇ ਪਾਤਰ ਬਣਕੇ ਨਿਹਾਲ ਹੋ ਜਾਂਦੇ ਨੇ

# ਸਲੋਕੁ ॥

ਇਹ ਜਪ ਬਾਣੀ ਦਾ ਦੂਜਾ ਤੇ ਆਖਰੀ ਸ਼ਲੋਕ ਹੈ

## ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਹਰ ਸਾਹ/ਪਵਣ ਦੇ ਨਾਲ਼ ਪਾਣੀ ਤੇ ਮਿੱਟੀ ਦੇ ਤੱਤਾਂ ਤੋਂ ਬਣੇ ਇਸ ਸ਼ਰੀਰ ਵਿੱਚ

## ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਸਾਰੇ ਜੀਵਨ ਦੇ ਸਮੇਂ ਦੇ ਵੱਖ-ਵੱਖ ਪੜਾਵਾਂ ਵਿੱਚ ਅੰਦਰਲੀ ਦੁਨੀਆ ਵਿੱਚ ਖੇਡਦਾ (ਫੁਰਨੇ ਬਣਾਉਂਦਾ) ਮਨ

## ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਜਦ ਅਪਣੇ ਅੰਦਰ ਬੈਠੇ ਪਰਮਾਤਮਾ ਦੇ ਹੁਕਮ ਨੂੰ ਸੁਣ ਕੇ ਚੰਗਿਆਈਆਂ-ਬੁਇਆਈਆਂ ਤੇ ਸੁਚੱਜੇ ਜੀਵਨ ਦੀ ਜਾਚ ਨੂੰ ਸਿੱਖਦਾ ਹੈ

## ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਤਾਂ ਜਾਣਦਾ ਹੈ ਕਿ ਅਪਣੇ ਅੰਦਰ ਦੇ ਕਰਮਾਂ ਕਰਕੇ ਅਸੀਂ ਰੱਬ ਦੇ ਨੇੜੇ ਜਾਂ ਦੂਰ ਹੁੰਦੇ ਹਾਂ (ਉਹ ਦੂਰ ਨਹੀਂ ਹੁੰਦਾ, ਉਹ ਸਦਾ ਅੰਦਰ ਹੀ ਹੈ)

## ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

ਜਿਨ੍ਹਾਂ ਨੇ ਰੱਬੀ ਨਾਮ/ਗੁਣਾਂ ਨੂੰ ਧਿਆਨ ਵਿੱਚ ਰੱਖ ਕੇ ਕਰਮਾਂ 'ਚ ਉਤਾਰ ਲਿਆ ਉਹ ਐਸੀ ਮਸ਼ੱਕਤ/ਸ਼੍ਰਮ ਕਰ ਗਏ

## ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਉਹ ਵਿਕਾਰਾਂ ਵਾਲ਼ੀ ਕੂੜ ਤੋਂ ਛੁੱਟ/ਮੁਕਤ ਸਚਿਆਰ ਹੋ ਕੇ ਅੰਦਰੋਂ ਰੌਸ਼ਨ (ਉੱਜਲੇ ਮੁੱਖ ਵਾਲ਼ੇ) ਹੋ ਗਏ

ੴ

## ਸੋ ਦਰੁ ਰਾਗੁ ਆਸਾ ਮਹਲਾ ੧

ਇਹ ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ ਜਿਸ ਦਾ ਸਿਰਲੇਖ ਹੈ - "ਉਸ ਪਰਮਾਤਮਾ ਦਾ ਦਰ"

## ੧ੳ ਸਤਿਗੁਰ ਪ੍ਰਸਾਦਿ ॥

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

## ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥

ਹਉਮੈ ਵਾਲ਼ੀ ਮੱਤ ਛੱਡ ਕੇ ਮਨ ਅਪਣੇ ਅੰਦਰ ਵੱਸਦੇ ਰੱਬ ਦੇ ਦਰ/ਘਰ ਨੂੰ ਜਾਨਣਾ ਸ਼ੁਰੂ ਕਰਦਾ ਹੈ ਜਿੱਥੋਂ ਉਹ ਮਾਲਕ ਸਾਨੂੰ ਅਪਣੇ ਹੁਕਮ ਰਾਹੀਂ ਸੰਭਾਲ਼ਦਾ (ਜੀਵਨ ਦਾ ਰਾਹ ਦੱਸਦਾ) ਹੈ

## ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥

ਉਸਦੇ ਹੁਕਮ ਨੂੰ ਸੁਣ/ਮੰਨ ਕੇ ਸਾਡੇ ਅੰਦਰ ਦੇ ਅਨੇਕ/ਅਸੰਖ ਵਿਚਾਰ ਹੁਕਮ ਦੀ ਧੁਨ ਨੂੰ ਵਜਾਉਣ (ਦ੍ਰਿੜ ਕਰਨ) ਲੱਗ ਜਾਂਦ ਨੇ

## ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥

ਕਿੰਨੇ ਹੀ ਪ੍ਰੇਮ ਤੇ ਸੂਖਮ/ਸਰਲ ਉਪਦੇਸ਼ਾਂ ਨਾਲ਼ ਰੱਬ ਅਪਣਾ ਸੁਨੇਹਾ ਸਾਨੂੰ ਕਹਿੰਦਾ/ਦੇਂਦਾ ਹੈ ਤੇ ਕਿੰਨੇ ਹੀ ਰੂਪਾਂ ਵਿੱਚ ਸਾਡਾ ਮਨ ਰੱਬੀ ਹੁਕਮ ਨੂੰ ਗਾਉਣ (ਜੀਵਨ 'ਚ ਧਾਰਣ ਕਰਨ) ਲੱਗ ਜਾਂਦਾ ਹੈ

## ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

ਹਵਾ-ਪਾਣੀ-ਅੱਗ(ਪੂਰੀ ਕੁਦਰਤ) ਜਿਵੇਂ ਸਹਿਜ ਸੁਭਾਅ ਹੁਕਮ 'ਚ ਚੱਲਦੀ ਹੈ, ਤਿਵੇਂ ਅਪਣੇ ਅੰਦਰ ਬੈਠੇ ਮਾਲਕ ਦੇ ਹੁਕਮ/ਧਰਮ ਅੱਗੇ ਇਹ ਮਨ (ਰਾਜਾ) ਗਾਉਂਦਾ (ਖੁਦ ਨੂੰ ਸੌਂਪ) ਦੇਂਦਾ ਹੈ

## ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥

ਜੋ ਹੁਕਮ ਨੂੰ ਗਾਉਂਦਾ/ਦ੍ਰਿੜ ਕਰਦਾ ਹੈ ਉਹ ਅਪਣੇ ਅੰਦਰਲੇ ਗੁਪਤ (ਲੁਕੇ ਹੋਏ) ਵਿਕਾਰਾਂ ਵਾਲ਼ੇ ਪਾਸੇ (ਚਿੱਤਰ) ਨੂੰ ਪਛਾਣਦਾ ਹੈ, ਤੇ ਰੱਬੀ ਗਿਆਨ (ਧਰਮ) ਨੂੰ ਵਿਚਾਰ ਕੇ ਅਪਣੇ ਅੰਦਰ ਲਿਖਦਾ/ਦ੍ਰਿੜ ਕਰਦਾ ਹੈ

## ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥

ਰੱਬੀ ਗਿਆਨ ਨੂੰ ਦ੍ਰਿੜ ਕਰਣ ਵਾਲ਼ਾ ਅਪਣੇ ਅੰਦਰ ਰੱਬੀ ਗੁਣਾਂ ਨੂੰ ਪਾਲਣ, ਸੋਹਣੇ ਵਿਚਾਰਾਂ ਨੂੰ ਰਚਣ ਤੇ ਵਿਕਾਰਾਂ ਤੋਂ ਛੁੱਟਕਾਰਾ ਦਵਾਉਣ ਵਾਲ਼ੀ ਸੋਹਣੀ ਮੱਤ ਨਾਲ਼ ਖੁਦ ਨੂੰ ਸਵਾਰ ਕੇ ਪ੍ਰਭੂ ਦੇ ਦਰ 'ਤੇ ਸ਼ੋਭਾ ਪਾਉਂਦਾ ਹੈ

## ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਮਨ ਅੰਦਰ ਰਾਜ ਸਿੰਘਾਸਨ (ਉੱਚੀ ਰੌਸ਼ਨ ਮੱਤ ਵਾਲ਼ੀ ਅਵਸਥਾ) ਉੱਪਰ ਸ਼ੁਭ ਗੁਣਾਂ ਸਮੇਤ ਟਿਕ ਰਾਜਾ ਬਣ ਕੇ ਬੈਠਦਾ ਹੈ (ਉਸਦੇ ਅੰਦਰ ਹੀ ਸੁਅਰਗ ਦਾ ਰਾਜ ਹੈ)

## ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥

ਰੱਬੀ ਹੁਕਮ ਨੂੰ ਗਾਉਣ ਵਾਲ਼ਾ (ਜੀਵਨ 'ਚ ਧਾਰਣ ਕਰਨ ਵਾਲ਼ਾ) ਹੀ ਅੰਦਰੋਂ ਪੂਰਾ (ਸਿੱਧ) ਹੁੰਦਾ ਹੈ ਕਿਉਂਕਿ ਉਸਦਾ ਨਿਰੰਤਰ ਧਿਆਨ (ਸਮਾਧੀ) ਗੁਰੂ ਗਿਆਨ 'ਚ ਹੈ। ਹੁਕਮ ਨੂੰ ਗਾਉਣ ਵਾਲ਼ੇ ਰੱਬੀ ਗਿਆਨ ਨੂੰ ਵਿਚਾਰ/ਅਪਣਾ ਕੇ ਖੁਦ ਨੂੰ ਅੰਦਰੋਂ ਸਾਧ ਲੈਂਦੇ ਨੇ

## ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥

ਪ੍ਰਭੂ ਦੇ ਹੁਕਮ ਨੂੰ ਗਾਉਣ ਵਾਲ਼ੇ ਹੀ ਪਵਿੱਤਰ, ਦਾਨੀ, ਸੰਤੋਖੀ ਤੇ ਵਿਕਾਰਾਂ ਨਾਲ਼ ਜੂਝਣ ਵਾਲ਼ੇ ਵੀਰ/ਸੂਰਮੇ ਹੁੰਦੇ ਨੇ

## ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥

ਰੱਬੀ ਹੁਕਮ/ਸੁਨੇਹੇ ਨੂੰ ਗਾਉਣ/ਮੰਨਣ ਵਾਲ਼ੇ ਹੀ ਅੰਦਰੋਂ ਨਿਰੰਤਰ (ਜੁਗ-ਜੁਗ) ਰੱਬੀ ਗਿਆਨ ਨੂੰ ਪੜ੍ਹ, ਵਿਚਾਰ, ਅਮਲ ਕਰਕੇ ਅਸਲ ਪੰਡਤ/ਰਿਸ਼ੀ ਹੁੰਦੇ ਨੇ

## ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥

ਰੱਬੀ ਹੁਕਮ ਨੂੰ ਜੀਊਣ ਵਾਲ਼ੇ ਦੇ ਮਨ ਦਾ ਪੂਰਾ ਪਸਾਰਾ ਸੋਹਣੀਆਂ ਰੱਬੀ ਰਹਿਮਤਾਂ (ਗੁਣਾਂ) ਵੱਲ ਮੋਹਿਤ (ਪਿਆਰ ਨਾਲ਼ ਭਰਿਆ) ਰਹਿੰਦਾ ਹੈ

## ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥

ਰੱਬ ਦੇ ਹੁਕਮ 'ਚ ਜੀਊਣ ਵਾਲ਼ਿਆਂ ਦੇ ਅੰਦਰ ਬੇਸ਼ਕੀਮਤੀ ਰੱਬੀ ਗਿਆਨ ਦੇ ਰਤਨ ਉਪਜਦੇ ਨੇ, ਤੇ ਅੰਦਰ ਹੀ ਉਸ ਗਿਆਨ ਦੇ ਤੀਰਥ ਬਣ ਜਾਂਦੇ ਨੇ

## ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥

ਰੱਬੀ ਹੁਕਮ 'ਤੇ ਚੱਲਣ ਵਾਲ਼ੇ ਚਾਰੇ ਖਾਣੀਆਂ (ਹਰ ਤਰ੍ਹਾਂ) ਨਾਲ਼ ਅੰਦਰ ਵਿਕਾਰਾਂ ਨਾਲ਼ ਜੂਝਣ ਵਾਲ਼ੇ ਜੋਧੇ, ਮਹਾਬਲੀ, ਸੂਰਮੇ ਹੁੰਦੇ ਨੇ

## ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥

ਪ੍ਰਭੂ ਦੇ ਹੁਕਮ ਨੂੰ ਗਾਉਣ (ਜੀਵਨ 'ਚ ਢਾਲਣ ਨਾਲ਼) ਸਾਡੇ ਅੰਦਰ ਦੇ ਸਾਰੇ ਛੋਟੇ ਤੋਂ ਵੱਡੇ ਵਿਚਾਰ ਰੱਬੀ ਹੁਕਮ ਨੂ ਧਾਰਣ ਕਰੀ ਰੱਖਦੇ ਨੇ

## ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥

ਹੇ ਪ੍ਰਭੂ! ਤੇਰੇ ਹੁਕਮ ਨੂੰ ਓਹੀ ਦ੍ਰਿੜ ਕਰਦੇ ਨੇ ਜਿਨ੍ਹਾਂ ਦਾ ਚਿੱਤ ਤੇਰੇ (ਗੁਣਾਂ) ਵੱਲ ਲੱਗਾ ਹੈ, ਤੇ ਓਹੀ ਤੇਰੀ ਭਗਤੀ (ਗੁਣਾਂ ਨੂੰ ਜੀਵਨ 'ਚ ਉਤਾਰਨ) ਦਾ ਰਸ ਮਾਣਦੇ ਨੇ

## ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥

ਓਨਾਂ ਬਾਰੇ ਮੈਂ ਕੀ ਵਿਚਾਰ ਕਰਾਂ (ਕੁਝ ਕਿਹਾ ਹੀ ਨਹੀਂ ਜਾ ਸਕਦਾ) ਜੋ (ਪ੍ਰਭੂ) ਤੈਨੂੰ ਗਾਉਂਦੇ (ਜੀਵਨ 'ਚ ਢਾਲ਼ਦੇ) ਨੇ; ਉਨ੍ਹਾਂ ਦੇ ਚਿੱਤ 'ਚ "ਮੈਂ" ਦਾ ਖਿਆਲ ਹੀ ਨਹੀਂ ਆਉਂਦਾ

## ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥

ਓਨਾਂ ਦਾ ਧਿਆਨ ਤਾਂ ਸਦਾ ਓਸੇ ਸਦਾ ਥਿਰ ਪਰਮਾਤਮਾ 'ਚ ਹੁੰਦਾ ਹੈ ਜੋ ਆਪ ਵੀ ਸਦੀਵੀ ਹੋਂਦ ਵਾਲ਼ਾ ਹੈ ਤੇ ਜਿਸਦਾ ਨਿਯਮ/ਹੁਕਮ ਸਦਾ ਅਟੱਲ ਹੈ

## ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥

ਓਨਾਂ ਅੰਦਰ ਪਰਮਾਤਮਾ ਦਾ ਧਿਆਨ ਹਰ ਸਮੇਂ ਰਹਿੰਦਾ ਹੈ ਜਿਸਨੂੰ ਦ੍ਰਿੜ ਕਰਕੇ ਓਨਾਂ ਅੰਦਰ ਸੋਹਣੇ ਕਿਰਦਾਰ ਦੀ ਰਚਨਾ ਹੁੰਦੀ ਹੈ

## ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥

ਪ੍ਰਭੂ ਵੱਲ ਧਿਆਨ ਹੋਣ ਕਰਕੇ ਉਹ ਮਨ ਅੰਦਰ ਉਪਜਦੇ ਅਨੇਕਾਂ ਰੰਗਾ-ਭਾਤਾਂ ਦੇ ਮਾਇਆ (ਦੇ ਭੁਲੇਖਿਆਂ) ਤੋਂ ਬਚੇ ਰਹਿੰਦੇ ਨੇ

**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥**

ਕਿਉਂਕਿ ਉਹ ਰੱਬੀ ਹੁਕਮ ਨੂੰ ਦ੍ਰਿੜ ਕਰ ਕਰ ਕੇ ਅਪਣੇ ਅੰਦਰ ਦੀ ਸੰਭਾਲ਼ (ਵੇਖੇ) ਕਰਕੇ ਅਪਣਾ ਉਹ ਸਰੂਪ ਤਿਆਰ ਕਰਦੇ ਨੇ ਜੋ ਆਪ ਪਰਮਾਤਮਾ ਦੀ ਵਡਿਆਈ/ਬਖਸ਼ਿਸ਼ ਹੈ

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**

ਜੋ ਪ੍ਰਭੂ ਨੂੰ ਭਾਉਂਦਾ ਹੈ ਉਹ ਓਹੀ ਕਰਦੇ ਨੇ; ਕਦੀ ਰੱਬੀ ਹੁਕਮ ਦੇ ਉੱਤੋਂ ਅਪਣੀ ਮਰਜ਼ੀ (ਮਨ ਦੀ ਮੱਤ) ਨਹੀਂ ਚਲਾਉਂਦੇ

**ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥**

ਇੰਜ ਉਸ ਪਰਮਾਤਮਾ ਦੀ ਰਜ਼ਾ (ਹੁਕਮ) 'ਚ ਰਹਿਣ/ਜੀਊਣ ਵਾਲ਼ੇ ਅਪਣੇ ਅੰਦਰ ਪਾਤਸ਼ਾਹਾਂ ਦੇ ਪਾਤਸ਼ਾਹ ਹੋ ਜਾਂਦੇ ਨੇ (ਵਿਕਾਰਾਂ ਦੀ ਗੁਲਾਮੀ ਤੋਂ ਛੁੱਟ ਕੇ ਅਟੱਲ ਰਾਜ ਲੈ ਲੈਂਦੇ ਨੇ)

**ਆਸਾ ਮਹਲਾ ੧ ॥**

ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

**ਸੁਣਿ ਵਡਾ ਆਖੈ ਸਭੁ ਕੋਇ ॥**

ਹਰ ਕੋਈ ਬਾਹਰੋਂ ਸੁਣ ਸੁਣ ਕੇ (ਰੱਬਾ!) ਤੈਨੂੰ ਵੱਡਾ ਆਖੀ ਜਾਂਦਾ ਹੈ

**ਕੇਵਡੁ ਵਡਾ ਡੀਠਾ ਹੋਇ ॥**

ਪਰ ਤੂੰ ਕਿੰਨਾ ਵੱਡਾ ਹੈ ਇਹ ਤਾਂ ਤੈਨੂੰ ਵੇਖ/ਜਾਣ ਕੇ ਹੀ ਪਤਾ ਲੱਗਣਾ ਹੈ

**ਕੀਮਤਿ ਪਾਇ ਨ ਕਹਿਆ ਜਾਇ ॥**

ਕਿਸੇ ਕੀਮਤ ਨਾਲ਼ ਨਹੀਂ ਲਿਆ ਜਾ ਸਕਦਾ, ਨਾ ਹੀ ਅੱਖਰਾਂ 'ਚ ਕਿਹਾ ਜਾ ਸਕਦਾ ਹੈ

## ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥

ਜੋ ਕਹਿਣ (ਤੈਨੂੰ ਵੇਖਣ/ਜਾਨਣ) ਵਾਲ਼ੇ ਨੇ ਉਹ ਤਾਂ ਤੇਰੇ 'ਚ ਸਮਾ ਕੇ (ਤੇਰੇ ਰੂਪ) ਹੋ ਕੇ ਜੀਊਂਦੇ ਨੇ

## ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥

ਮੇਰੇ ਮਾਲਕ ਪਰਮਾਤਮਾ! ਤੂੰ ਗੁਣਾਂ ਦਾ ਸਾਗਰ ਹੈਂ

## ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥

ਤੇਰੇ ਹੁਕਮ ਦਾ ਵਿਸਤਾਰ ਕੋਈ ਨਹੀਂ ਜਾਣ ਸਕਦਾ

## ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥

ਹਰ ਤਰ੍ਹਾਂ ਨਾਲ਼ (ਬਾਹਰੋਂ) ਸੁਰਤੀਆਂ ਜੋੜ ਕੇ ਤੇਰਾ ਅੰਤ ਪਾਉਣ ਦੀ ਕੋਸ਼ਿਸ਼ ਕਰਨ ਵਾਲ਼ੇ

## ਸਭ ਕੀਮਤਿ ਮਿਲਿ ਕੀਮਤਿ ਪਾਈ ॥

ਹਰ ਤਰ੍ਹਾਂ ਨਾਲ਼ ਤੇਰੀ ਵਡਿਆਈ ਲਈ (ਬਾਹਰੀ) ਕੀਮਤ ਪਾਉਣ ਵਾਲ਼ੇ

## ਗਿਆਨੀ ਧਿਆਨੀ ਗੁਰ ਗੁਰਹਾਈ ॥

ਬੇਅੰਤ ਗਿਆਨੀ ਤੇ ਧਿਆਨੀ ਗਿਆਨ ਨੂੰ ਲੈਕੇ ਗੁਰ/ਵੱਡੇ ਕਹਾਉਣ ਵਾਲ਼ੇ ਵੀ

## ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥

ਤੇਰੀ ਵਡਿਆਈ ਦਾ ਰਤਾ 'ਕੁ ਵੀ ਅੰਦਾਜ਼ਾ ਨਹੀਂ ਲਗਾ ਸਕਦੇ

## ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥

ਜਿੰਨੀਆਂ ਵੀ ਚੰਗਿਆਈਆਂ, ਗੁਣ, ਮਿਹਨਤ ਕੋਈ ਤੇਰੇ ਰਾਹ ਲਈ ਕਰ ਰਿਹਾ ਹੈ

### ਸਿਧਾ ਪੁਰਖਾ ਕੀਆ ਵਡਿਆਈਆ ॥

ਖੁਦ ਨੂੰ ਤੇਰੇ ਗਿਆਨ ਨਾਲ਼ ਪੂਰਨਤਾ ਵੱਲ ਲੈ ਕੇ ਜਾਣ ਵਾਲ਼ੀਆਂ ਵਡਿਆਈਆਂ

### ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥

ਇਸ ਸਭ ਤੇਰੀ ਕਿਰਪਾ/ਹੁਕਮ 'ਚ ਜੀਊਣ ਤੋਂ ਬਿਨਾਂ ਨਹੀਂ ਮਿਲ਼ਦੇ

### ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥

ਤੇਰੀ ਮਿਹਰ/ਹੁਕਮ ਨੂੰ ਦ੍ਰਿੜ ਕਰਕੇ ਇਨ੍ਹਾਂ ਗੁਣਾਂ/ਵਡਿਆਈਆਂ ਨੂੰ ਮਿਲਣ ਤੋਂ ਫਿਰ ਬਾਹਰੋਂ ਕੋਈ ਰੋਕ ਨਹੀਂ ਸਕਦਾ

### ਆਖਣ ਵਾਲਾ ਕਿਆ ਵੇਚਾਰਾ ॥

ਜੋ ਇਨ੍ਹਾਂ ਗੁਣਾਂ ਨੂੰ ਦ੍ਰਿੜ੍ਹ ਕਰਦਾ (ਆਖਦਾ) ਹੈ ਉਹ ਕਦੀ ਵੇਚਾਰਾ/ਮਜਬੂਰ ਨਹੀਂ ਹੁੰਦਾ

### ਸਿਫਤੀ ਭਰੇ ਤੇਰੇ ਭੰਡਾਰਾ ॥

ਕਿਉਂਕਿ ਉਸਦੇ ਅੰਦਰ ਤੇਰੀਆਂ ਸਿਫਤਾਂ/ ਰੱਬੀ ਗੁਣਾਂ ਦੇ ਭੰਡਾਰ ਭਰੇ ਰਹਿੰਦੇ ਨੇ

### ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥

ਜਿਸਨੂ ਤੇਰੇ ਹੁਕਮ ਵਿੱਚੋਂ ਇਹ ਵਡਿਆਈਆਂ ਮਿਲ਼ ਗਈਆਂ ਉਸ ਉੱਤੇ ਕਿਸੇ (ਵਿਕਾਰ) ਦਾ ਜ਼ੋਰ ਨਹੀਂ ਚੱਲਦਾ

### ਨਾਨਕ ਸਚੁ ਸਵਾਰਣਹਾਰਾ ॥੪॥੨॥

ਕਿਉਂਕਿ ਅੰਦਰ ਵੱਸਦੇ ਪਰਮਾਤਮਾ ਨੇ ਉਸਨੂੰ ਸਵਾਰਿਆ (ਸੋਹਣਾ ਬਣਾ ਦਿੱਤਾ) ਹੈ

### ਆਸਾ ਮਹਲਾ ੧ ॥

ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

## ਆਖਾ ਜੀਵਾ ਵਿਸਰੈ ਮਰਿ ਜਾਉ ॥

ਜੇਕਰ ਮੈਂ ਰੱਬੀ ਹੁਕਮ ਨੂੰ ਆਖਦਾ (ਜੀਵਨ 'ਚ ਉਤਾਰਦਾ) ਹਾਂ, ਤਾਂ ਹੀ ਜੀਊਂਦਾ ਹਾਂ; ਉਸਨੂੰ ਭੁੱਲ ਕੇ ਮੈਂ ਵਿਕਾਰਾਂ 'ਚ ਮਰਦਾ ਹਾਂ

## ਆਖਣਿ ਅਉਖਾ ਸਾਚਾ ਨਾਉ ॥

ਪਰ (ਵਿਕਾਰੀ) ਮਨ ਲਈ ਉਸ ਸੱਚੇ ਹੁਕਮ ਨੂੰ ਮੰਨਣਾਂ/ਆਖਣਾ ਬਹੁਤ ਔਖਾ ਲੱਗਦਾ ਹੈ

## ਸਾਚੇ ਨਾਮ ਕੀ ਲਾਗੈ ਭੂਖ ॥

ਜਿਨ੍ਹਾਂ ਦੇ ਅੰਦਰ ਰੱਬੀ ਹੁਕਮ ਨੂੰ ਦ੍ਰਿੜ੍ਹ ਕਰਨ ਦੀ ਤਾਂਘ/ਭੁੱਖ ਬਣ ਜਾਂਦੀ ਹੈ

## ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥

ਫਿਰ ਇਸ ਭੁੱਖ/ਤਾਂਘ ਨਾਲ਼ ਰੱਬੀ ਗਿਆਨ ਨੂੰ ਦ੍ਰਿੜ੍ਹ ਕਰਦਿਆਂ ਉਨ੍ਹਾਂ ਅੰਦਰੋਂ ਦੁੱਖ ਮੁੱਕਦੇ ਜਾਂਦੇ ਨੇ

## ਸੋ ਕਿਉ ਵਿਸਰੈ ਮੇਰੀ ਮਾਇ ॥

ਹੇ ਮੇਰੀ ਮੱਤ (ਮਾਂ)! ਅੰਦਰ ਵੱਸਦੇ ਪ੍ਰਭੂ ਦੀ ਅਵਾਜ਼ ਨੂੰ ਨਾ ਭੁੱਲ (ਅਣਗੌਲਿਆਂ ਨਾ ਕਰ)

## ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥

ਉਹ ਸੱਚਾ ਮਾਲਕ ਜੋ ਸਦਾ ਤੇਰੇ ਅੰਦਰੋਂ ਸੱਚਾ/ਸਦੀਵੀ ਗਿਆਨ/ਹੁਕਮ ਤੈਨੂੰ ਦੇ ਰਿਹਾ ਹੈ

## ਸਾਚੇ ਨਾਮ ਕੀ ਤਿਲੁ ਵਡਿਆਈ ॥

ਉਸ ਸੱਚੇ ਹੁਕਮ ਦੀ ਥੋੜ੍ਹੀ ਜਿਹੀ ਵਡਿਆਈ ਵੀ

## ਆਖਿ ਥਕੇ ਕੀਮਤਿ ਨਹੀ ਪਾਈ ॥

ਕਹਿ ਕੇ ਅਸੀਂ ਤਾਂ ਥੱਕ/ਮੁੱਕ ਜਾਵਾਂਗੇ ਪਰ ਉਸਦੀ ਕੀਮਤ/ਅੰਤ ਨਹੀਂ ਪਾ ਸਕਦੇ

## ਜੇ ਸਭਿ ਮਿਲਿ ਕੈ ਆਖਣ ਪਾਹਿ ॥

ਜੇ ਸਾਰੇ ਰਲ਼ ਕੇ ਵੀ ਉਸਦੀਆਂ ਵਡਿਆਈਆਂ ਕਹਿਣ ਲੱਗੀਏ

## ਵਡਾ ਨ ਹੋਵੈ ਘਾਟਿ ਨ ਜਾਇ ॥੨॥

ਤਾਂ ਉਸ ਵੱਡੇ ਨੇ ਨਾ ਤਾਂ ਘਟ ਜਾਣਾ, ਨਾ ਹੀ ਮੁੱਕ ਜਾਣਾ

## ਨਾ ਓਹੁ ਮਰੈ ਨ ਹੋਵੈ ਸੋਗੁ ॥

ਉਹ ਸੱਚਾ ਮਾਲਕ (ਤੇ ਉਸਦਾ ਹੁਕਮ) ਨਾ ਤਾਂ ਮਰਦਾ ਹੈ, ਨਾ ਹੀ ਗਲਤ (ਪਛਤਾਵੇ/ਸੋਗ ਵਾਲ਼ਾ) ਹੁੰਦਾ ਹੈ

## ਦੇਦਾ ਰਹੈ ਨ ਚੂਕੈ ਭੋਗੁ ॥

ਤੇ ਸਦਾ ਅੰਦਰੋਂ ਸਾਨੂੰ ਰਾਹ/ਗਿਆਨ ਦੇਂਦਾ ਰਹਿੰਦਾ ਹੈ, ਕਦੀ ਵੀ ਉਸਦਾ ਇਹ ਸੋਹਣਾ ਵਰਤਾਰਾ (ਸਾਡੇ ਅੰਦਰੋਂ) ਮੁੱਕਦਾ ਨਹੀਂ

## ਗੁਣੁ ਏਹੋ ਹੋਰੁ ਨਾਹੀ ਕੋਇ ॥

ਏਹੋ ਉਸਦਾ ਸਭ ਤੋਂ ਵੱਡਾ ਗੁਣ ਹੈ, ਜੋ ਕਿਸੇ ਹੋਰ (ਵਿਕਾਰਾਂ ਆਦਿਕ ਬੁਰੀਆਂ ਅਵਾਜ਼ਾਂ) ਵਿੱਚ ਨਹੀਂ

## ਨਾ ਕੋ ਹੋਆ ਨਾ ਕੋ ਹੋਇ ॥੩॥

ਨਾ ਹੀ ਕੋਈ ਉਸ ਵਰਗਾ (ਸੱਚ ਦਾ ਰਾਹ ਦੇਣ ਵਾਲ਼ਾ) ਉਸ ਤੋਂ ਅਲਾਵਾ ਹੋਇਆ ਹੈ, ਨਾ ਹੋਵੇਗਾ

## ਜੇਵਡੁ ਆਪਿ ਤੇਵਡ ਤੇਰੀ ਦਾਤਿ ॥

ਜਿੰਨਾਂ ਸੱਚਾ/ਸੁੱਚਾ ਉਹ ਆਪ (ਸਾਡੇ ਅੰਦਰ ਵੱਸਦਾ) ਹੈ, ਓਨੀ ਹੀ ਉੱਤਮ/ਪਵਿੱਤਰ ਉਸਦੀ (ਰੱਬੀ ਗੁਣਾਂ ਵਾਲ਼ੀ) ਦਾਤ ਹੈ

## ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥

ਜਿਸ ਗੁਣਾਂ ਵਾਲ਼ੀ ਦਾਤ ਨੇ ਸਾਡੇ ਅੰਦਰ ਗਿਆਨ ਦਾ ਚਾਨਣ (ਦਿਨ ਚੜ੍ਹਾ) ਦਿੱਤਾ ਹੈ; ਤੇ ਅੰਦਰਲੀ ਅਗਿਆਨਤਾ/ਔਗੁਣਾਂ ਨੂੰ ਖਤਮ ਕੀਤਾ ਹੈ (ਉਨ੍ਹਾਂ ਦੀ ਰਾਤ ਕਰ ਦਿੱਤੀ ਹੈ)

## ਖਸਮੁ ਵਿਸਾਰਹਿ ਤੇ ਕਮਜਾਤਿ ॥

ਜੋ ਐਸੇ ਮਾਲਕ ਨੂੰ ਭੁੱਲਦੇ ਨੇ ਓਹੀ ਅੰਦਰੋਂ-ਬਾਹਰੋਂ ਮੈਲੇ ਹੋ ਕੇ ਮਾੜੇ ਕਰਮ ਕਰਦੇ ਜਾਂਦੇ ਨੇ

## ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਰੱਬੀ ਗੁਣਾਂ/ਨਾਮ ਤੋਂ ਬਿਨਾ ਉਹ (ਮਨ ਅਤੇ ਮੱਤ ਕਰਕੇ) ਨੀਵੇਂ ਹੁੰਦੇ ਜਾਂਦੇ ਨੇ

## ਰਾਗੁ ਗੂਜਰੀ ਮਹਲਾ ੪ ॥

ਰਾਗ ਗੂਜਰੀ ਵਿੱਚ ਚੌਥੇ ਨਾਨਕ ਜੀ ਦਾ ਸ਼ਬਦ ਹੈ

## ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥

ਰੱਬ ਦੇ ਪਿਆਰੇ, ਸੱਚੇ ਗਿਆਨ ਦੇ ਸੋਮੇ ਮੇਰੇ ਸਤਿਗੁਰੂ ਜੀ ਮੈਂ ਇੱਕ ਬੇਨਤੀ ਕਰਦਾ ਹਾਂ ਤੁਹਾਡੇ ਪਾਸ

## ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥

ਅਸੀਂ ਵਿਕਾਰਾਂ/ਅਗਿਆਨਤਾ 'ਚ ਪਏ ਨੀਵਾਂ/ਨੀਚ ਜੀਵਨ ਜੀ ਰਹੇ ਹਾਂ, ਦਇਆ ਕਰਕੇ ਰੱਬੀ ਗੁਣਾਂ ਦਾ ਪ੍ਰਕਾਸ਼/ਚਾਨਣ ਕਰੋ

## ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥

ਮੇਰੇ (ਸੱਚੇ) ਮਿੱਤਰ ਗੁਰੂ ਜੀ ਮੈਨੂੰ ਰੱਬੀ ਨਾਮ/ਗੁਣਾਂ ਦਾ ਚਾਨਣ ਕਰੋ

## ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥

ਗੁਰੂ ਦੀ ਮੱਤ ਵਿੱਚੋਂ ਮਿਲ਼ੇ ਰੱਬੀ ਗੁਣ/ਨਾਮ ਮੇਰੇ ਜੀਵਨ ਦੇ ਅਸਲ ਮਿੱਤਰ ਨੇ, ਤੇ ਏਹੋ ਉਸ ਰੱਬ ਦੀ ਅਸਲੀ ਕੀਰਤ ਹੈ ਜੋ ਮੇਰੇ ਜੀਵਨ 'ਚ ਹਰ ਉੱਚੇ-ਨੀਵੇਂ ਰਾਹ 'ਤੇ ਕੰਮ ਆਉਣ ਵਾਲ਼ੀ ਪੂੰਜੀ/ਦੌਲਤ ਹੈ

## ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥

ਜਿਨ੍ਹਾਂ ਦੇ ਮਨ ਵਿੱਚ ਗੁਰੂ ਕੋਲੋਂ ਰੱਬੀ ਗੁਣਾਂ ਨੂੰ ਲੈਣ ਦੀ ਤਾਂਘ/ਪਿਆਸ ਬਣੀ ਹੈ ਉਹ ਰੱਬ ਦੇ ਪਿਆਰੇ ਸੱਚੀ ਭਾਗਾਂਵਾਲ਼ੇ ਨੇ

## ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥

ਉਹ ਗੁਰੂ ਗਿਆਨ ਰਾਹੀਂ ਰੱਬੀ ਗੁਣਾਂ ਨੂੰ ਲੈ ਕੇ ਰੱਜਦੇ ਨੇ, ਤੇ ਲਗਾਤਾਰ (ਗੁਰੂ ਗਿਆਨ ਦਾ) ਸੰਗ ਕਰ-ਕਰ ਕੇ ਰੱਬੀ ਗੁਣਾਂ ਨਾਲ਼ ਖੁਦ ਅੰਦਰ ਚਾਨਣ ਕਰਦੇ ਨੇ

## ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥

ਜਿਨ੍ਹਾਂ ਅੰਦਰ ਰੱਬੀ ਗੁਣਾਂ ਦਾ ਰਸ/ਤਾਂਘ ਨਹੀਂ ਬਣੀ ਉਹ ਅਸਲ 'ਚ ਭਾਗਾਂ ਤੋਂ ਹੀਣੇ ਸਦਾ ਵਿਕਾਰਾ (ਜਮ) ਵਿੱਚ ਫਸੇ ਰਹਿੰਦੇ ਨੇ

## ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥

ਜੋ ਰੱਬੀ ਗੁਣਾਂ ਦੇ ਦਾਤੇ ਗੁਰੂ-ਗਿਆਨ ਦੇ ਸੰਗ ਵਿੱਚ ਨਹੀਂ ਆਏ ਉਨ੍ਹਾ ਦਾ ਜੀਵਨ ਧ੍ਰਿਗ/ਨੀਵਾਂ ਹੁੰਦਾ ਜਾਂਦਾ ਹੈ

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**

ਜਿਨ੍ਹਾਂ ਨੇ ਸਤਿਗੁਰ ਦੇ ਗਿਆਨ ਦੀ ਸੰਗਤ ਕੀਤੀ ਉਹ ਅਪਣੇ ਮੱਥੇ/ਮੱਤ ਵਿੱਚ ਇਨ੍ਹਾਂ ਰੱਬੀ ਗੁਣਾਂ ਨੂੰ ਲਿਖਦੇ/ਵਸਾਈ ਜਾਂਦੇ ਨੇ

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥**

ਐਸੇ ਰੱਬੀ ਗਿਆਨ ਦੀ ਸੰਗਤ ਧੰਨ ਹੈ ਜਿੱਥੋਂ ਰੱਬੀ ਪਿਆਰ ਮਿਲ਼ਦਾ ਹੈ ਤੇ ਜਿਸ ਵਿੱਚ ਮਿਲ਼ ਕੇ ਰੱਬੀ ਗੁਣਾਂ ਦਾ ਪ੍ਰਕਾਸ਼/ਚਾਨਣ ਹੁੰਦਾ ਹੈ

**ਰਾਗੁ ਗੂਜਰੀ ਮਹਲਾ ੫ ॥**

ਰਾਗ ਗੂਜਰੀ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ ਹੈ

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**

ਮੇਰੇ ਮਨਾ ਤੂੰ ਕਾਹਨੂੰ ਐਨੀ ਸੋਚ/ਚਿੰਤਾ ਕਰਦਾ ਹੈਂ; ਜੀਵਨ ਦੇਣ ਵਾਲ਼ਾ ਪਰਮਾਤਮਾ ਤੇਰੇ ਨਾਲ਼ ਹੈ

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**

ਸਖਤ ਪੱਥਰਾਂ ਦੇ ਅੰਦਰ ਵੀ ਜੀਵ ਰਹਿੰਦੇ ਨੇ, ਓਨ੍ਹਾਂ ਨੂੰ ਵੀ ਰਿਜ਼ਕ ਦੇ ਕੇ ਉਹ ਪਾਲ਼ਦਾ ਹੈ

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**

ਜੋ ਵੀ ਅਪਣੇ ਅੰਦਰ ਰੱਬੀ ਗਿਆਨ (ਸੱਚ) ਦਾ ਸੰਗ ਕਰਦੇ ਨੇ ਉਹ (ਡਰ-ਫਿਕਰ ਦੇ ਸਾਗਰ 'ਚੋਂ) ਨਿਕਲ਼ (ਤਰ) ਜਾਂਦੇ ਨੇ

## ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥

ਗੁਰੂ ਦੀ ਕਿਰਪਾ/ਸਿੱਖਿਆ ਨਾਲ਼ ਅੰਦਰ (ਰੱਬ ਨਾਲ਼ ਇੱਕਮਿਕਤਾ ਦੀ ਉਹ) ਉੱਤਮ ਪਦਵੀ ਮਿਲ਼ਦੀ ਹੈ ਜਿੱਥੇ (ਫਿਕਰਾਂ 'ਚ) ਸੁੱਕੀ ਲੱਕੜ (ਉਦਾਸ) ਹੋਇਆ ਮਨ ਹਰਿਆ (ਸ਼ਾਂਤ) ਹੋ ਜਾਂਦਾ ਹੈ

## ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥

ਮੇਰੇ ਮਨਾ! ਮਾਂ-ਬਾਪ, ਪੁੱਤਰ-ਧੀਆਂ ਜਾਂ ਕੋਈ ਵੀ ਕਿਸੇ ਹੋਰ ਦਾ ਦਿੱਤਾ ਨਹੀਂ ਖਾਂਦਾ

## ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥

ਹਰੇਕ ਨੂੰ ਪਰਮਾਤਮਾ ਰਿਜ਼ਕ ਦੇਂਦਾ ਹੈ; ਤੂੰ ਕਾਹਨੂੰ ਭਉ/ਫਿਕਰ ਕਰਦਾ ਹੈਂ

## ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥

ਸੌ-ਸੌ ਕੋਹ ਦੂਰ ਅਪਣੇ ਬੱਚੇ ਅਲ੍ਹਣੇ 'ਚ ਛੱਡ ਕੇ ਪਰੰਦੇ ਉੱਡ ਆਉਂਦੇ ਨੇ

## ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥

ਮੇਰੇ ਮਨਾ! ਚੇਤੇ ਰੱਖ, ਉਨ੍ਹਾਂ ਪੰਛੀਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਖਵਾਉਣ/ਚੁਗਾਉਣ ਵਾਲ਼ਾ ਕੌਣ ਹੈ

## ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥

(ਸੱਚ ਦੀ ਸੰਗਤ 'ਚੋਂ ਇਹ ਜਾਣ ਕਿ) ਰੱਬ ਤਾਂ ਸਾਰੇ ਖਜ਼ਾਨੇ ਤੇ ਸ਼ਕਤੀਆਂ ਸਾਡੀ ਤਲੀ/ਹੱਥ 'ਚ ਰੱਖ ਰਿਹਾ ਹੈ (ਉਸਨੂੰ ਭੁੱਲ ਕੇ ਹੀ ਡਰ-ਫਿਕਰ ਲੱਗਦੇ ਨੇ)

## ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

ਫਿਕਰ ਕਰਨ ਦੀ ਥਾਂ ਉਸ ਦੀਆਂ ਬੇਅੰਤ ਦਾਤਾਂ ਤੋਂ ਸਦਾ ਬਲਿਹਾਰ ਜਾਈਏ (ਸ਼ੁਕਰਾਨਾ ਕਰੀਏ)

## ਰਾਗੁ ਆਸਾ ਮਹਲਾ ੪

ਆਸਾ ਰਾਗ ਵਿੱਚ ਚੌਥੇ ਨਾਨਕ ਜੀ ਦਾ ਇਹ ਸ਼ਬਦ ਹੈ

## ਸੋ ਪੁਰਖੁ

ਇਸ ਸ਼ਬਦ ਦਾ ਸਿਰਲੇਖ ਹੈ "ਸੋ ਪੁਰਖ" - ਉਹ ਪਰਮਾਤਮਾ ਜੋ ਸਭ ਕਰ ਰਿਹਾ ਹੈ (ਕਰਤਾ ਪੁਰਖ)

## ੧ੴ ਸਤਿਗੁਰ ਪ੍ਰਸਾਦਿ ॥

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

## ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥

ਮੇਰੇ ਮਨਾ! ਇਹ ਜਾਣ ਕਿ (ਸਾਰਿਆਂ ਅੰਦਰ ਵੱਸਦੇ) ਪਰਮਾਤਮਾ ਵਿੱਚ ਕੋਈ ਕਮੀ/ਊਣਤਾਈ ਨਹੀਂ, ਤੇ ਉਸਦੇ ਗੁਣ ਬੇਅੰਤ ਨੇ

## ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥

(ਕਹਿ, ਕਿ) ਸਭ/ਸਾਰੇ ਜੀਵ ਤੇਰੇ ਧਿਆਨ ਵਿੱਚ ਨੇ (ਤੂੰ ਸਭ ਦਾ ਧਿਆਨ ਰੱਖਦਾ ਹੈਂ)

## ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥

ਸਾਰੇ ਜੀਵ ਤੇਰੇ ਜੀ ਬਣਾਏ ਹੋਏ ਨੇ, ਤੂੰ ਹੀ ਸਾਰਿਆਂ ਨੂੰ (ਹੁਕਮ, ਗੁਣ ਤੇ ਸ਼ਕਤੀਆਂ ਦੀਆਂ) ਦਾਤਾਂ ਦੇਂਦਾ ਹੈਂ

## ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥

ਮੇਰੇ ਭਲੇ ਗਿਆਨ ਇੰਦ੍ਰੇਓ, ਉਸ ਪ੍ਰਭੁ ਵੱਲ ਧਿਆਨ ਕਰੋ ਤਾਂ (ਵਿਕਾਰਾਂ ਤੋਂ ਪੈਦਾ ਹੋਏ) ਸਭ ਦੁੱਖ ਖਤਮ ਹੁੰਦੇ ਨੇ

## ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥

ਉਹ ਐਸਾ ਮਾਲਕ (ਕਰਤਾ ਪੁਰਖ) ਹੈ ਜੋ ਅਪਣੇ ਸੇਵਕ (ਰਚਨਾ) ਤੋਂ ਵੱਖ ਨਹੀਂ (ਉਸ 'ਚ ਹੀ ਸਮਾਇਆ ਹੈ)।(ਉਸ ਤੋਂ ਬਿਨਾ) ਮੈਂ ਵਿਚਾਰਾ ਕੀ ਹਾਂ?

## ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥

(ਮੇਰੇ ਮਨਾ ਕਹਿ, ਕਿ) ਤੂੰ ਸਾਰਿਆਂ ਅੰਦਰ ਨਿਰੰਤਰ/ਸਦਾ ਇੱਕੋ ਜਿਹਾ ਵੱਸਿਦਾ ਹੈਂ

## ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥

ਮੇਰੀ ਅਕਲ ਨੂੰ ਜੋ ਦਾਤੇ/ਤਕੜੇ ਤੇ ਭਿਖਾਰੀ/ਮਾੜੇ ਦਿਸਦੇ ਨੇ, ਇਨ੍ਹਾਂ ਸਾਰਿਆਂ 'ਚ ਵੀ ਤੇਰਾ ਹੀ ਖੇਲ/ਹੁਕਮ ਚੱਲਦਾ ਹੈ

## ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥

ਦਾਤਾਂ ਦੇਣ ਵਾਲ਼ਾ ਵੀ ਤੂੰ, ਤੇ ਲੈਣ ਵਾਲਿਆਂ 'ਚ ਵੀ ਤੂੰ – ਮੈਂ ਇਸ ਤੋਂ ਇਲਾਵਾਂ ਹੋਰ ਨਾ ਜਾਣਾਂ/ਸੋਚਾਂ

## ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

ਹੇ ਪ੍ਰਭੂ! ਤੂੰ ਬੇਅੰਤ ਹੈਂ, ਤੇਰੇ ਗੁਣਾਂ ਨੂੰ ਮੈਂ ਅਪਣੇ ਮਨ ਦੀ ਮੱਤ ਨਾਲ਼ ਨਹੀਂ ਕਹਿ ਸਕਦਾ

## ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥

ਜੋ ਅਪਣੇ ਅੰਦਰ ਵੱਸਦੇ ਪ੍ਰਭੂ ਦੀ ਸੇਵਾ ਕਰਦੇ ਨੇ (ਤੇਰੇ ਹੁਕਮ ਨੂੰ ਮੰਨਦੇ ਨੇ) ਮੈਂ ਉਨ੍ਹਾਂ ਤੋਂ ਕੁਰਬਾਣ ਜਾਂਵਾਂ

## ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥

ਜੋ ਹਰੇਕ 'ਚ ਵੱਸਦੇ ਪਰਮਾਤਮਾ ਵੱਲ ਧਿਆਨ ਕਰਦੇ ਨੇ ਉਹ ਸੁਖੀ ਵੱਸਦੇ ਨੇ

## ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥

ਕਿਉਂਕਿ ਉਹ ਵਿਕਾਰਾਂ ਤੋਂ ਮੁਕਤ ਹੋ ਕੇ ਡਰ-ਫਿਕਰ ਵਰਗੇ ਜਮਾਂ ਦੇ ਫਾਹੇ ਤੋੜ ਲੈਂਦੇ ਨੇ

## ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥

ਜੋ ਅਪਣੇ ਅੰਦਰ ਵੱਸਦੇ ਨਿਰਭਉ ਪਰਮਾਤਮਾ ਵੱਲ ਧਿਆਨ ਕਰਦੇ ਨੇ (ਹੁਕਮ 'ਚ ਜੀਊਂਦੇ ਨੇ) ਉਨ੍ਹਾਂ ਦੇ ਸਾਰੇ ਭਉ/ਡਰ ਮੁੱਕ ਜਾਂਦੇ ਨੇ

## ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥

ਜੋ ਅਪਣੇ ਅੰਦਰ ਵੱਸਦੇ ਰੱਬ ਦੀ ਸੇਵਾ ਕਰਦੇ ਨੇ (ਹੁਕਮ ਨੂੰ ਮੰਨਦੇ ਨੇ) ਉਹ ਓਸੇ ਦਾ ਹੀ ਰੂਪ ਹੋ ਜਾਂਦੇ ਨੇ

## ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥

ਧੰਨ ਨੇ ਉਹ ਜੋ ਅਪਣੇ ਅੰਦਰ ਵੱਸਦੇ ਰੱਬ (ਦੇ ਹੁਕਮ) ਵੱਲ ਧਿਆਨ ਕਰਦੇ ਨੇ। ਮੈਂ ਉਨ੍ਹਾਂ ਤੋਂ ਬਲਿਹਾਰ ਜਾਂਵਾਂ

## ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥

ਹੇ ਪ੍ਰਮਾਤਮਾ! ਤੇਰੀ ਭਗਤੀ ਕਰਨ (ਹੁਕਮ 'ਚ ਜੀਉਣ) ਨਾਲ਼ ਤਾਂ ਅੰਦਰ (ਰੱਬੀ ਗੁਣਾਂ ਤੇ ਅਨੰਦ ਦੇ) ਬੇਅੰਤ ਭੰਡਾਰ ਭਰੇ ਰਹਿੰਦੇ ਨੇ

## ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥

ਕਹਿਣ ਨੂੰ ਤਾਂ ਅਨੇਕਾਂ ਹੀ ਖੁਦ ਨੂੰ ਭਗਤ ਕਹਾਉਣ ਵਾਲ਼ੇ ਤੇਰੀਆਂ ਸਿਫਤਾਂ (ਮੂਹੋਂ) ਕਰਦੇ ਨੇ

## ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥

ਬੇਅੰਤ ਹੀ ਤਰ੍ਹਾਂ ਨਾਲ਼ ਤੇਰੀ ਪੂਜਾ ਕਰਨ ਵਾਲ਼ੇ ਤੇ ਬਾਹਰੀ ਹਠ/ਤਪ ਕਰਣ ਵਾਲ਼ੇ ਵੀ ਬੇਅੰਤ ਨੇ

## ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥

ਅਨੇਕਾਂ ਹੀ ਧਰਮ-ਗ੍ਰੰਥਾਂ ਦੇ ਪਾਠ ਪੜ੍ਹਣ ਵਾਲ਼ੇ ਤੇ ਧਾਰਮਕ ਕਰਮ-ਕਾਂਡ ਕਰਣ ਵਾਲ਼ੇ ਵੀ ਨੇ

## ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥

ਪਰ, ਭਗਤ ਤਾਂ ਉਹੋ ਭਲੇ ਨੇ ਜੋ ਪਰਮਾਤਮਾ ਨੂੰ ਭਾਉਂਦੇ ਨੇ (ਜੋ ਉਸਦੇ ਹੁਕਮ 'ਚ ਜੀਊਂਦੇ ਨੇ)

## ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥

ਹੇ ਪ੍ਰਭੂ! ਤੂੰ ਸਾਡਾ ਆਦਿ/ਮੁਢ ਹੈਂ, ਕਰਤਾ (ਸਾਨੂੰ ਬਣਾਉਣ ਵਾਲ਼ਾ) ਹੈਂ; ਤੇਰੀ ਬਰਾਬਰੀ ਕੋਈ ਨਹੀਂ ਕਰ ਸਕਦਾ

## ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

ਹੇ ਕਰਤਾ ਪੁਰਖ! (ਮੈਂ ਇਹ ਜਾਣਾਂ ਕਿ) ਤੂੰ ਸਦਾ ਤੋਂ ਸਾਰੀ ਰਚਨਾ ਕਰਕੇ ਇਕਰਸ ਸਾਰਿਆਂ 'ਚ ਵੱਸਦਾ ਹੈਂ

## ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥

ਜੋ ਤੈਨੂੰ ਭਾਉਂਦਾ ਹੈ (ਜੋ ਤੇਰਾ ਹੁਕਮ ਹੈ) ਓਹੋ ਮੇਰੇ ਅੰਦਰ ਵਰਤੇ (ਉਸਤੇ ਅਮਲ ਕਰਾਂ); ਉਹ ਹੋਵੇ ਜੋ ਤੂੰ (ਹੁਕਮ) ਕਰ ਰਿਹਾ ਹੈਂ

## ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥

ਮੈਂ ਇਹ ਜਾਣਾਂ ਕਿ ਤੇਰਾ ਹੁਕਮ ਹੀ ਮੇਰੇ ਅੰਦਰ-ਬਾਹਰ ਦੀ ਸ੍ਰਿਸ਼ਟੀ ਨੂੰ ਬਣਾਉਂਦਾ ਤੇ ਢਾਉਂਦਾ ਹੈ

## ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥

ਮੈਂ ਏਹੋ ਗੁਣ/ਗਿਆਨ ਦ੍ਰਿੜ ਕਰ ਲਵਾਂ ਕਿ ਤੂੰ ਸਭ ਦਾ ਭਲਾ ਜਾਣਦਾ ਹੈਂ (ਤੂੰ ਓਹੀ ਕਰਦਾ ਹੈਂ ਜੋ ਸਭਦਾ ਭਲਾ ਹੈ, ਮੈਂ ਤੇਰੇ ਹੁਕਮ ਤੋਂ ਬਾਹਰ ਹੋ ਕੇ ਇਹ ਨਹੀਂ ਜਾਣ ਸਕਦਾ)

## ਆਸਾ ਮਹਲਾ ੪ ॥

ਆਸਾ ਰਾਗ ਵਿੱਚ ਚੌਥੇ ਨਾਨਕ ਜੀ ਦਾ ਇਹ ਸ਼ਬਦ ਹੈ

## ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥

ਹੇ ਕਰਤਾ (ਪੁਰਖ ਪਰਮਾਤਮਾ)! ਤੂੰ ਹੀ ਮੇਰਾ ਮਾਲਕ ਹੈਂ

## ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥

ਮੈਨੂੰ ਸੁਮੱਤ ਬਖਸ਼ ਕਿ ਜੋ ਤੈਨੂੰ ਭਾਉਂਦਾ ਹੈ (ਜੋ ਤੇਰਾ ਹੁਕਮ ਹੈ), ਓਹੀ ਮੇਰ ਕੋਲੋਂ ਹੋਵੇ; ਜੋ ਤੂੰ ਗਿਆਨ ਦੇ ਰਿਹਾ ਹੈਂ ਓਹੋ ਮੈਂ ਹਾਸਲ/ਦ੍ਰਿੜ ਕਰੀ ਜਾਵਾਂ

## ਸਭ ਤੇਰੀ ਤੂੰ ਸਭਨੀ ਧਿਆਇਆ ॥

ਇਹ ਸਾਰੀ ਰਚਨਾ ਤੇਰੀ ਹੀ ਹੈ ਮਾਲਕ, ਤੇ ਸਭ ਦਾ ਧਿਆਨ ਤੂੰ ਰੱਖਦਾ ਹੈਂ (ਸਭ ਦੇ ਅੰਦਰ ਵੱਸ ਕੇ ਸਚਿਆਰ ਹੋਣ ਵਾਲ਼ਾ ਰਾਹ ਦੱਸਦਾ ਹੈਂ)

## ਜਿਸ ਨੋ ਕਿਰਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥

ਜਿਨ੍ਹਾਂ ਅੰਦਰ ਇਹ ਨਾਮ/ਗੁਣਾਂ ਦਾ ਕੀਮਤੀ ਰਤਨ ਮਿਲਿਆ ਹੈ ਉਹ ਵੀ ਤੇਰੀ (ਹੁਕਮ ਦੀ) ਹੀ ਕਿਰਪਾ ਹੈ

## ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥

ਗੁਰੂ-ਗਿਆਨ ਨੂੰ ਮੰਨਣ ਵਾਲਿਆਂ ਨੇ ਇਹ ਖਜ਼ਾਨਾ ਪ੍ਰਾਪਤ ਕੀਤਾ ਹੈ, ਤੇ ਮਨ ਦੀ ਮੱਤ ਮਗਰ ਲੱਗਣ ਵਾਲ਼ੇ ਅੰਦਰੋਂ ਸਭ ਕੁਝ ਗੁਆ ਲੈਂਦੇ ਨੇ

## ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥

(ਮਨ ਦੀ ਮੱਤ ਵਾਲ਼ੇ) ਖੁਦ ਨੂੰ ਤੇਰੇ ਤੋਂ ਵਿਛੋੜ ਲੈਂਦੇ ਨੇ, ਤੇ (ਗੁਰੂ ਦੀ ਮੱਤ ਵਾਲ਼ੇ) ਖੁਦ ਨੂੰ ਤੇਰੇ ਨਾਲ਼ ਮਿਲ਼ਾ ਲੈਂਦੇ ਨੇ

## ਤੂੰ ਦਰੀਆਉ ਸਭ ਤੁਝ ਹੀ ਮਾਹਿ ॥

ਮੇਰੇ ਮਾਲਕ! ਤੂੰ ਮੇਰੇ ਅੰਦਰ ਸਾਰੇ ਗੁਣਾਂ ਤੇ ਅਨੰਦ ਦਾ ਸਾਗਰ/ਸੋਮਾ ਹੈਂ

## ਤੁਝ ਬਿਨੁ ਦੂਜਾ ਕੋਈ ਨਾਹਿ ॥

ਤੇਰੇ ਤੋਂ ਬਿਨਾਂ ਹੋਰ ਕੋਈ (ਇਹ ਦਾਤ ਦੇਣ ਵਾਲ਼ਾ) ਨਹੀਂ

## ਜੀਅ ਜੰਤ ਸਭਿ ਤੇਰਾ ਖੇਲੁ ॥

ਸਾਰਿਆਂ 'ਚ ਤੇਰੇ ਹੁਕਮ ਦੀ ਹੀ ਖੇਡ ਵਰਤ ਰਹੀ ਹੈ

## ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥

(ਜੋ ਹੁਕਮ ਤੋਂ ਮੁਨਕਰ ਨੇ ਉਹ) ਅੰਦਰ ਵੱਸਦੇ (ਮਿਲ਼ੇ) ਪਰਮਾਤਮਾ ਤੋਂ ਵਿਛੜ ਜਾਂਦੇ ਨੇ, ਤੇ (ਹੁਕਮ ਨੂੰ ਮੰਨਣ ਵਾਲ਼ੇ) ਤੇਰੇ ਨਾਲ਼ ਮਿਲ਼ ਜਾਂਦੇ ਨੇ

## ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥

ਤੇਰੇ ਹੁਕਮ ਰਾਹੀਂ ਜਿਨ੍ਹਾਂ ਨੂੰ ਇਹ (ਮਿਲਾਪ ਦਾ ਰਾਹ) ਮਿਲਿਆ ਓਹੀ ਜਾਣ/ਸਮਝ ਪਾਉਂਦੇ ਨੇ

## ਹਰਿ ਗੁਣ ਸਦ ਹੀ ਆਖਿ ਵਖਾਣੈ ॥

ਤੇ ਰੱਬੀ ਗੁਣਾਂ ਨੂੰ ਸਦਾ ਆਖਦੇ (ਹਿਰਦੇ 'ਚ ਦ੍ਰਿੜ੍ਹ ਕਰਦੇ) ਨੇ

## ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥

ਜੋ ਅਪਣੇ ਅੰਦਰ ਵੱਸਦੇ ਪ੍ਰਭੂ (ਦੇ ਹੁਕਮ) ਦੀ ਸੇਵਾ ਕਰਦੇ ਨੇ (ਅਮਲ ਕਰਦੇ ਨੇ), ਉਹ ਸੁਖ ਪ੍ਰਾਪਤ ਕਰਦੇ ਨੇ

## ਸਹਜੇ ਹੀ ਹਰਿ ਨਾਮਿ ਸਮਾਇਆ ॥੩॥

ਰੱਬੀ ਗਿਆਨ ਨੂੰ ਮੰਨ ਕੇ ਮਿਲ਼ਦੇ ਸਹਿਜ ਨਾਲ਼ ਉਹ ਰੱਬੀ ਨਾਮ/ਗੁਣਾਂ 'ਚ ਸਮਾਏ ਰਹਿੰਦੇ ਨੇ

## ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥

ਹੇ ਪ੍ਰਭੂ! ਤੂੰ ਹੀ (ਸਾਡਾ) ਕਰਤਾ (ਬਣਾਉਣ ਵਾਲ਼ਾ) ਹੈਂ; (ਸਾਡੇ ਅੰਦਰ) ਸਭ ਕੁੱਝ ਤੇਰਾ ਹੀ ਕੀਤਾ/ਬਣਾਇਆ ਹੋਇਆ ਹੈ

## ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥

ਤੇਰੇ ਬਿਨਾਂ ਸਾਡੇ ਅੰਦਰ (ਨਵੀਂ ਬਣਤਰ ਬਣਾਉਣ ਵਾਲ਼ਾ) ਕੋਈ ਹੋਰ ਦੂਜਾ ਹੈ ਹੀ ਨਹੀਂ

## ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥

ਉਹ ਮਨ ਹੀ ਤੈਨੂੰ ਜਾਣ ਪਾਉਂਦਾ ਹੈ ਜੋ ਤੇਰੇ ਹੁਕਮ 'ਤੇ ਅਮਲ ਕਰ-ਕਰ ਕੇ ਅਪਣੇ ਅੰਦਰ ਤੈਨੂੰ ਵੇਖਦਾ ਹੈ

## ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥

ਗੁਰੂ ਗਿਆਨ ਵੱਲ ਮੁੱਖ ਕਰਕੇ (ਮੰਨ ਕੇ) ਹੀ ਇਹ ਮਨ ਤੈਨੂੰ ਅੰਦਰ ਪਰਗਟ ਕਰਦਾ ਹੈ (ਮਿਲ਼ ਲੈਂਦਾ ਹੈ)

## ਆਸਾ ਮਹਲਾ ੧ ॥

ਆਸਾ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ

## ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥

ਅਸੀਂ ਅਪਣਾ ਜੀਵਨ ਐਸੇ ਸਰੋਵਰ ਵਿੱਚ ਬਣਾ ਲਿਆ ਹੈ ਜਿੱਥੇ (ਸਬਰ-ਸੰਤੋਖ ਵਰਗੇ ਗੁਣਾਂ ਦੇ) ਪਾਣੀ ਦੀ ਜਗ੍ਹਾ (ਤ੍ਰਿਸ਼ਨਾ ਵਰਗੇ ਵਿਕਾਰਾਂ ਦੀ) ਅੱਗ ਹੈ

## ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥

ਇਨ੍ਹਾਂ ਵਿਕਾਰਾਂ ਨਾਲ਼ ਐਸਾ ਮੋਹ/ਪਿਆਰ ਪਾ ਲਿਆ ਹੈ ਕਿ ਨਿਕਲਿਆ ਵੀ ਨਹੀਂ ਜਾਂਦਾ, ਸਗੋਂ ਹੋਰ ਡੂੰਘੇ ਡੁੱਬਦੇ ਜਾਂਦੇ ਹਾਂ

## ਮਨ ਏਕੁ ਨ ਚੇਤਸਿ ਮੂੜ ਮਨਾ ॥

ਮੇਰੇ ਮਨਾ! ਜੇ ਤੂੰ ਇਕ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ (ਉਸਦੇ ਹੁਕਮ ਨੂੰ ਅਮਲ 'ਚ ਨਹੀਂ ਲਿਆਉਂਦਾ), ਤਾਂ ਇਹ ਤੇਰੀ ਮੂਰਖਤਾ ਹੈ

## ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥

(ਚੇਤੇ ਰੱਖ ਕਿ) ਉਸਨੂੰ ਭੁਲਾ/ਅਣਗੌਲਿਆਂ ਕਰਕੇ ਤੇਰੇ ਅੰਦਰੋਂ ਚੰਗੇ ਗੁਣ ਗਲ਼ਦੇ (ਦੂਰ ਹੋਈ) ਜਾਂਦੇ ਨੇ

## ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥

ਮੇਰੇ ਮਨਾ! ਇਹ ਆਖ ਕਿ, ਹੇ ਪ੍ਰਮਾਤਮਾ ਮੈਂ ਕੋਈ ਜਤੀ-ਸਤੀ ਨਹੀਂ, ਕੋਈ ਬਹੁਤਾ ਪੜ੍ਹਿਆ ਨਹੀਂ, ਸਗੋਂ ਸਦਾ ਤੋਂ ਗਲਤਿਆਂ ਕਰਦਾ ਆ ਰਿਹਾ ਮੂਰਖ ਹਾਂ (ਅਪਣੀ ਹਉਮੈ ਨੂੰ ਪਾਸੇ ਕਰ)

## ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਉਨ੍ਹਾਂ (ਸ਼ੁਭ ਗੁਣਾਂ-ਵਿਚਾਰਾਂ) ਦੀ ਸ਼ਰਣ ਬਖਸ਼ੋ ਜਿਨ੍ਹਾਂ (ਦੀ ਰਹਿਨੁਮਾਈ) ਨਾਲ਼ ਮੈਨੂੰ ਤੂੰ (ਤੇਰਾ ਹੁਕਮ) ਨਾ ਭੁੱਲੇਂ

## ਆਸਾ ਮਹਲਾ ੫ ॥

ਆਸਾ ਰਾਗ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ

## ਭਈ ਪਰਾਪਤਿ ਮਾਨੁਖ ਦੇਹੁਰੀਆ ॥

ਮੇਰੇ ਮਨਾ! ਇਹ ਜੋ ਮਨੁੱਖ ਵਾਲਾ ਸ਼ਰੀਰ ਮਿਲ਼ ਗਿਆ ਹੈ ਇਹ ਤੇਰੇ ਬਾਹਰੀ ਜੀਵਨ (ਸੁਖ-ਸੁਵਿਧਾ ਨੂੰ ਕਮਾਉਣ-ਹੰਢਾਉਣ) ਲਈ ਬਹੁਤ (ਪ੍ਰਾਪਤ=ਪਰਿਆਪਤ=ਬਹੁਤ) ਹੈ

## ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਪਰ ਨਾਲ਼ ਹੀ (ਅਪਣੇ ਅੰਦਰਲੇ ਸੋਹਣੇ ਜੀਵਨ ਲਈ) ਪਰਮਾਤਮਾ ਨੂੰ ਮਿਲਣ (ਇਕਮਿਕ ਹੋਣ) ਦਾ ਵੀ ਇਹ ਮੌਕਾ/ਵੇਲ਼ਾ ਹੈ

## ਅਵਰਿ ਕਾਜ ਤੇਰੈ ਕਿਤੈ ਨ ਕਾਮ ॥

ਅੰਦਰਲੇ ਵਿਕਾਰਾਂ-ਦੁਖਾਂ ਤੋਂ ਤੋਂ ਛੁੱਟਣ ਵਿੱਚ ਇਹ ਹੋਰ ਹੋਰ ਬਾਹਰੀ ਕਰਮ-ਕਾਂਡ ਤੇਰੇ ਕਿਸੇ ਕੰਮ ਨਹੀਂ ਆਉਂਦੇ

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**

ਕੇਵਲ ਗੁਰੂ ਦੀ ਸੰਗਤ (ਗਿਆਨ) ਵਿੱਚੋਂ ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰਿਆ ਕਰ

**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**

ਵਿਕਾਰਾਂ ਦੇ ਸਾਗਰ ਤੋਂ ਪਾਰ ਹੋਣ ਦਾ ਇੰਤਜ਼ਾਮ ਕਰ ਮੇਰੇ ਮਨਾ!

**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**

ਇਹ ਬਾਹਰੀ ਸੁੱਖ-ਦੁੱਖ ਦੇ ਭਰਮ (ਮਾਇਆ) ਵਿੱਚ ਉਮਰ ਗੁਜ਼ਰੀ ਜਾਂਦੀ ਹੈ

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**

(ਮੇਰੇ ਮਨਾ! ਆਖ ਕਿ) ਹੇ ਪ੍ਰਭੂ, ਮੈਂ ਕੋਈ ਜਪ, ਤਪ ਜਾਂ ਧਾਰਮਕ ਸੰਜਮ ਨਹੀਂ ਕੀਤੇ

**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

ਤੇ ਨਾ ਹੀ ਮੈਂ ਚੰਗੀ ਸੰਗਤ 'ਚ ਬਹਿ ਕੇ ਰੱਬੀ ਗੁਣਾਂ ਨੂੰ ਜਾਣਿਆ/ਕਮਾਇਆ ਹੈ

**ਕਹੁ ਨਾਨਕ ਹਮ ਨੀਚ ਕਰੰਮਾ ॥**

ਆਖ ਕਿ, ਹੇ ਪ੍ਰਭੂ ਮੈਂ ਵਿਕਾਰਾਂ 'ਚ ਪੈ ਕੇ ਨੀਚ ਕਰਮ ਕਰੀ ਜਾ ਰਿਹਾ ਹਾਂ

**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਜੇ ਹੁਣ ਮੈਂ ਅਪਣੇ ਅੰਦਰ ਵੱਸਦੇ ਪਰਮਾਤਮਾ ਦੀ ਸ਼ਰਣ ਲੈ ਲਵਾਂ (ਹੁਕਮ ਮੰਨਣ ਲੱਗ ਜਾਂਵਾਂ) ਤਾਂ ਹੀ ਮੇਰੀ ਪੱਤ ਰਹਿ ਸਕਦੀ ਹੈ

ੴ

# ਸੋਹਿਲਾ

ਇਸ ਬਾਣੀ ਦਾ ਨਾਂਅ "ਸੋਹਿਲਾ" ਹੈ। ਸੋਹਿਲਾ ਦਾ ਅਰਥ ਹੈ "ਉਪਮਾ/ਵਡਿਆਈ ਦੇ ਗੀਤ"

## ਰਾਗੁ ਗਉੜੀ ਦੀਪਕੀ ਮਹਲਾ ੧

ਗਉੜੀ ਦੀਪਕੀ' ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

## ੴ ਸਤਿਗੁਰ ਪ੍ਰਸਾਦਿ ॥

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

## ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥

ਮੇਰੇ ਮਨਾ! ਜਿਸ ਅਵਸਥਾ ਵਿੱਚ ਸੱਚੇ ਰੱਬ ਦੀ ਵਡਿਆਈ ਆਖੀ/ਸਮਝੀ ਜਾ ਸਕਦੀ ਹੋਵੇ

## ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥

ਉਸ ਅਵਸਥਾ ਵਿੱਚ (ਸਦਾ ਟਿਕ ਕੇ) ਰੱਬ ਦੀ ਵਡਿਆਈ ਨੂੰ ਗਾਇਆ/ਸਿਮਰਿਆ (ਦ੍ਰਿੜ੍ਹ ਕਰਿਆ) ਕਰ

## ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥

ਮੇਰੇ ਮਨਾ! ਨਿਰਭਉ ਪਰਮਾਤਮਾ ਦਾ ਸੋਹਿਲਾ ਗਾ (ਨਿਰਭਉ ਵਾਲ਼ੇ ਗੁਣ ਨੂੰ ਜੀਵਨ 'ਚ ਉਤਾਰ)

## ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥

ਇਸ ਸੋਹਿਲੇ/ਗੁਣ ਨੂੰ ਜੀਵਨ 'ਚ ਉਤਾਰ ਕੇ ਸਦਾ ਸੁੱਖ ਹੁੰਦਾ ਹੈ

## ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥

ਉਹ ਸੱਚਾ ਰੱਬ ਨਿੱਤ ਤੇਰੀ ਸੰਭਾਲ ਕਰ ਰਿਹਾ ਹੈ (ਸਦਾ ਤੇਰਾ ਸਾਥ ਦੇ ਰਿਹਾ ਹੈ), ਤੇ ਅੱਗੇ ਵੀ ਦੇਵੇਗਾ

## ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥

ਤੇਰੀ ਸੰਸਾਰੀ ਮੱਤ (ਭੈ/ਡਰ ਤੋਂ ਮੁਕਤ ਕਰਣ ਵੱਲ) ਕੋਈ ਅਸਰ ਨਹੀਂ ਰੱਖਦੀ, ਪਰ ਰੱਬ (ਦੇ ਹੁਕਮ) ਦਾ ਜ਼ੋਰ ਇਸ ਰਾਹ 'ਤੇ ਬੇਸ਼ੁਮਾਰ ਹੈ

## ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥

ਜਿਵੇਂ ਵਿਆਹ ਦਾ ਸਮਾਂ ਤੈਅ ਹੋਣ 'ਤੇ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਨੇ, ਤੂੰ ਵੀ (ਮੇਰੇ ਮਨਾ!) ਅੰਦਰ ਵੱਸਦੇ ਪ੍ਰਭੂ ਵਿੱਚ ਮਿਲ਼ ਜਾਣ ਦਾ ਟੀਚਾ ਮਿੱਥ ਕੇ (ਰੱਬੀ ਗੁਣਾਂ ਨੂੰ ਕਮਾ ਕੇ) ਤਿਆਰੀ ਕਰ

## ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

ਤੇ ਗੁਰੂ ਗਿਆਨ ਤੋਂ ਅਸੀਸਾਂ/ਸਿੱਖਿਆਵਾਂ ਲੈ ਜਿਨ੍ਹਾਂ ਸਦਕਾ ਅਪਣੇ ਅੰਦਰ ਸਾਹਿਬ/ਰੱਬ ਨਾ਼ਲ ਮਿਲਾਪ ਹੋ ਜਾਵੇ

## ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥

ਅਪਣੇ ਅੰਦਰ ਦੀ ਹਰ ਅਵਸਥਾ ਵਿੱਚ ਰੱਬੀ ਹੁਕਮ ਦੇ ਸਦਾ ਪੈ ਰਹੇ ਸੱਦੇ/ਅਵਾਜ਼ ਨੂੰ ਪਹੁੰਚਾ/ਵਸਾ ਲੈ

## ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥

ਤੇ ਜਦ ਇੰਝ ਅਪਣੇ ਅੰਦਰੋਂ ਸਦਾ ਅਵਾਜ਼ ਦੇ ਰਹੇ ਰੱਬ ਨੂੰ ਸਦਾ ਚੇਤੇ/ਧਿਆਨ 'ਚ ਰੱਖੇਂਗਾ ਤਾਂ ਉਸ ਨਾ਼ਲ ਮਿਲਾਪ ਵਾ਼ਲਾ ਦਿਨ ਵੀ ਆ ਜਾਵੇਗਾ

## ਰਾਗੁ ਆਸਾ ਮਹਲਾ ੧ ॥

ਆਸਾ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

## ਛਿਅ ਘਰ ਛਿਅ ਗੁਰ ਛਿਅ ਉਪਦੇਸ ॥

ਬਾਹਰ ਭਾਵੇਂ ਹਰ ਤਰ੍ਹਾਂ ਦੇ ਵਿਦਿਅਕ/ਧਾਰਮਕ ਅਦਾਰੇ, ਉਨ੍ਹਾਂ ਦੇ ਪ੍ਰਚਾਰਕ ਤੇ ਉਨ੍ਹਾਂ ਦੇ ਉਪਦੇਸ਼ ਚੱਲਦੇ ਨੇ

## ਗੁਰੁ ਗੁਰੁ ਏਕੋ ਵੇਸ ਅਨੇਕ ॥੧॥

ਪਰ ਸਾਡੇ ਸਾਰਿਆਂ ਦੇ ਅੰਦਰ ਇੱਕ ਪਰਮਾਤਮਾ (ਗੁਰ) ਦਾ ਹੁਕਮ ਹੀ ਅਨੇਕਾਂ ਤਰ੍ਹਾਂ ਨਾਲ਼ ਸਾਡੀ ਸਹੀ ਅਗਵਾਈ ਕਰਨ ਵਾਲ਼ਾ ਗੁਰੂ ਹੈ

## ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥

ਮਨ ਦੀ ਜਿਸ ਅਵਸਥਾ ਵਿੱਚ ਅਸੀਂ ਰੱਬ (ਦੇ ਹੁਕਮ) ਦੀ ਕੀਰਤ/ਪਾਲਣਾ ਕਰ ਸਕਦੇ ਹਾਂ

## ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥

ਉਸ ਅਵਸਥਾ ਨੂੰ ਸਦਾ ਸੰਭਾਲ਼ਣਾ (ਉਸ ਪ੍ਰਤੀ ਸੁਚੇਤ ਹੋਣਾ) ਹੀ ਅਸਲ ਵਡਿਆਈ ਹੈ

## ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥

ਬਾਹਰੀ ਰਚਨਾ ਵਿੱਚ ਜਿਵੇਂ ਇੱਕ ਸੂਰਜ ਦੀ ਚਾਲ ਨਾਲ਼ ਅਸੀਂ ਸਮੇਂ ਦੇ ਵੱਖ-ਵੱਖ ਹਿੱਸੇ ਬਣਾਉਂਦੇ ਹਾਂ

## ਸੂਰਜੁ ਏਕੋ ਰੁਤਿ ਅਨੇਕ ॥

ਇੱਕ ਸੂਰਜ ਦੀ ਚਾਲ ਨਾਲ਼ ਹੀ ਅਨੇਕਾਂ ਬਦਲਦੀਆਂ ਰੁੱਤਾਂ ਥਾਪਦੇ ਹਾਂ

## ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥

ਇਸੇ ਤਰ੍ਹਾਂ ਹੀ ਸਾਡੇ ਅੰਦਰ ਇੱਕ ਕਰਤਾ ਪੁਰਖ ਪਰਮਾਤਮਾ ਅਨੇਕਾਂ ਹੀ ਵੇਸ/ਤਰੀਕਿਆਂ ਨਾਲ਼ ਦਾਡੀ ਸੁਰਤ ਵਿੱਚ (ਗੁਰੂ ਹੋ ਕੇ) ਰਾਹ/ਉਪਦੇਸ਼ ਦੱਸਦਾ ਹੈ (ਸਾਨੂੰ ਅਪਣੇ ਅੰਦਰ ਹੀ ਉਸ ਇੱਕ ਤੇ ਧਿਆਨ ਕਰਨਾ ਚਾਹੀਦਾ ਹੈ)

## ਰਾਗੁ ਧਨਾਸਰੀ ਮਹਲਾ ੧ ॥

ਧਨਾਸਰੀ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ

## ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਮੈਂ ਜਦ ਅਸਮਾਨ ਦੇ ਅਨੰਤ ਥਾਲ ਵਿੱਚ ਸੂਰਜ-ਚੰਦ੍ਰਮਾ ਤੇ ਤਾਰਿਆਂ ਨੂੰ ਦੇਖਾਂ

## ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਪਰਬਤਾਂ ਤੋਂ ਆਉਂਦੀ ਖੁਸ਼ਬੂਆਂ ਨਾਲ਼ ਭਰੀ ਹਵਾ, ਵਿਸ਼ਾਲ ਰੁੱਖਾਂ ਦੇ ਚੌਰ, ਤੇ ਫੁਲਾਂ ਨਾਲ਼ ਸੱਜੀ ਕਾਇਨਾਤ ਨੂੰ ਦੇਖਾਂ ਤਾਂ ਖੁਦ ਨੂ ਪੁੱਛਾਂ

## ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥

ਕਿ ਤੇਰੀ ਪੂਜਾ/ਆਰਤੀ ਕਿਵੇਂ ਹੋਵੇ ਮੇਰੇ ਮਾਲਕ! (ਤੇਰੀ ਆਰਤੀ ਕਿਸੇ ਥਾਲ਼ ਵਿੱਚ ਦੀਵੇ, ਮੋਤੀ, ਫੁੱਲ, ਧੂਫ, ਤੇ ਚੌਰ ਆਦਿਕ ਦੀ ਮੁਥਾਜ ਨਹੀਂ)

## ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਤੇਰੇ (ਹੁਕਮ ਦਾ) ਸੰਗੀਤ ਤਾਂ ਅਣਟੁੱਟ ਸਦਾ ਮੇਰੇ ਅੰਦਰ-ਬਾਹਰ ਸਾਰੀ ਕੁਦਰਤ ਵਿੱਚ ਚੱਲ ਰਿਹਾ ਹੈ (ਤੇਰੀ ਪੂਜਾ/ਆਰਤੀ ਕਿਸੇ ਬਾਹਰੀ ਸਾਜ਼ ਦੇ ਸੰਗੀਤ ਦੀ ਵੀ ਮੁਥਾਜ ਨਹੀਂ)

## ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥

ਇਹ ਹਜ਼ਾਰਾਂ ਹੀ ਅੱਖਾਂ (ਮੇਰੇ ਆਲ਼ੇ-ਦੁਆਲ਼ੇ) ਤੇਰੀਆਂ ਹੀ ਨੇ ਤੇ ਇਹ ਹਜ਼ਾਰਾਂ ਚਿਹਰੇ ਵੀ ਤੇਰੇ ਹੀ ਨੇ; ਤੇਰਾ ਕੋਈ ਵੱਖਰਾ ਚਿਹਰਾ/ਅੱਖਾਂ ਨਹੀਂ ਜਿਨ੍ਹਾਂ ਨੂੰ ਮੈਂ ਪੂਜਾਂ

## ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਇਹ ਹਜ਼ਾਰਾਂ ਪੈਰ ਤੇਰੇ ਨੇ, ਤੇਰੇ ਕੋਈ ਵੱਖਰੇ ਪੈਰ (ਚਰਣ-ਕਵਲ) ਮੈਂ ਪੂਜ ਨਹੀਂ ਸਕਦਾ; ਕੁਦਰਤ 'ਚ ਵੱਸੀ ਹਰ ਗੰਧ ਤੇਰੀ ਹੈ, ਮੈਂ ਵੱਖਰੀਆਂ ਧੂਫਾਂ ਨਾਲ਼ ਤੈਨੂੰ ਸੁਗੰਧੀ ਕਿਵੇਂ ਦਵਾਂ?

## ਸਭ ਮਹਿ ਜੋਤਿ ਜੋਤਿ ਹੈ ਸੋਇ ॥

ਸਾਰਿਆਂ 'ਚ ਜੋ ਜੀਵਨ ਦੀ ਜੋਤ/ਪ੍ਰਕਾਸ਼ ਹੈ, ਉਹ ਉਸ ਰੱਬ ਦਾ ਹੀ ਹੈ

## ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਓਸੇ ਦੇ ਚਾਨਣ ਨਾਲ਼ ਸਭ ਅੰਦਰ ਜੀਵਨ ਹੈ (ਫਿਰ ਉਸਨੂੰ ਵੱਖਰਾ ਮੰਨ ਕੇ ਕਿਵੇਂ ਪੂਜਾ ਕਰਾਂ?

## ਗੁਰ ਸਾਖੀ ਜੋਤਿ ਪਰਗਟੁ ਹੋਇ ॥

ਗੁਰੂ ਦੀ ਸਿੱਖਿਆ ਨਾਲ਼ ਰੱਬੀ ਜੋਤ ਨੂੰ ਅਸੀਂ ਅਪਣੇ ਅੰਦਰ ਪਰਗਟ/ਜਾਣ ਲੈਂਦੇ ਹਾਂ

## ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਫਿਰ ਜਦੋਂ ਉਹ ਕਰਨ ਲੱਗ ਜਾਈਏ ਜੋ ਉਸਨੂੰ ਭਾਉਂਦਾ ਹੈ, ਤਾਂ ਏਹੋ ਉਸਦੀ ਆਰਤੀ/ਪੂਜਾ ਹੈ

## ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥

(ਗੁਰੂ ਗਿਆਨ ਨਾਲ਼) ਜਦ ਰਾਤ-ਦਿਨ ਮੇਰੀ ਪਿਆਸ/ਤਾਂਘ ਅੰਦਰ ਵੱਸਦੇ ਰੱਬ ਦੇ ਹੁਕਮ ਨੂੰ ਮੰਨਣ ਵੱਲ ਲੱਗ ਜਾਏ

## ਕਿਰਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

ਤਾਂ ਹੀ ਮੇਰੇ ਮਨ (ਬਬੀਹੇ) ਨੂੰ ਰੱਬੀ ਗਿਆਨ/ਕਿਰਪਾ ਦੇ ਅੰਮ੍ਰਿਤ (ਜਲ) ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ਼ ਮਨ ਰੱਬੀ ਨਾਮ/ਗੁਣਾਂ 'ਚ ਸਮਾ ਜਾਂਦਾ ਹੈ

## ਰਾਗੁ ਗਉੜੀ ਪੂਰਬੀ ਮਹਲਾ ੪ ॥

ਗਉੜੀ ਪੂਰਬੀ ਰਾਗ ਵਿੱਚ ਚੌਥੇ ਨਾਨਕ ਜੀ ਦਾ ਸ਼ਬਦ

## ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥

ਸਾਡੇ ਅੰਦਰ ਜੋ ਕਾਮ-ਕ੍ਰੋਧ ਆਦਿਕ ਵਿਕਾਰਾਂ ਦੇ ਭੰਡਾਰ ਭਰੇ ਨੇ, ਇਹ ਕੇਵਲ ਗੁਰੂ (ਦੇ ਗਿਆਨ) ਨੂੰ ਮਿਲ਼/ਅਮਲ ਕਰਕੇ ਹੀ ਖਤਮ ਹੁੰਦੇ ਨੇ

## ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥

ਪਹਿਲਾਂ ਤੋਂ ਲਿਖੇ/ਪੱਕੇ ਹੋਏ ਵਿਕਾਰੀ ਵਿਚਾਰਾਂ ਉੱਪਰ ਜਦੋਂ ਗੁਰੂ ਦਾ ਗਿਆਨ ਪਾਇਆ ਜਾਂਦਾ ਹੈ ਤਾਂ ਮਨ ਰੱਬੀ ਪਿਆਰ ਵਿੱਚ ਜੁੜ ਕੇ ਵੱਡਾ/ਚੰਗਾ ਹੁੰਦਾ ਜਾਂਦਾ ਹੈ

## ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥

ਮੇਰੇ ਮਨਾ! ਗਿਆਨ ਦੇ ਸੋਮੇ ਗੁਰੂ ਅੱਗੇ (ਵਿਕਾਰਾਂ ਤੋਂ ਛੁੱਟਣ ਦੀ ਜੁਗਤ) ਲੈਣ ਲਈ ਹੱਥ ਜੋੜ

## ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥

ਗੁਰੂ ਦੇ ਗਿਆਨ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਜਾ - ਏਹੋ ਸਭ ਤੋਂ ਵੱਡਾ ਪੁੰਨ ਹੈ

## ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥

ਵਿਕਾਰਾਂ 'ਚ ਪਿਆ ਮਨ ਰੱਬੀ ਪ੍ਰੇਮ ਨੂੰ ਨਹੀਂ ਜਾਣਦਾ, ਉਸਦੇ ਅੰਦਰ "ਮੈਂ-ਮੈਂ" ਦਾ ਐਸਾ ਕੰਡਾ ਹੁੰਦਾ ਹੈ ਜੋ

## ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥

ਹਰ ਕਦਮ 'ਤੇ ਉਸਨੂੰ ਚੁੱਭਦਾ/ਦੁਖੀ ਕਰਦਾ ਹੈ; ਐਸਾ ਮਨ ਹਉਮੈ ਕਰਕੇ ਸਦਾ (ਵਿਕਾਰਾਂ 'ਚੋਂ ਪੈਦਾ ਹੋਏ) ਡਰ-ਫਿਕਰਾਂ ਦੀ ਮਾਰ ਖਾਂਦਾ ਹੈ

## ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥

ਰੱਬ ਦੇ ਪਿਆਰੇ ਰੱਬੀ ਨਾਮ/ਗੁਣਾਂ 'ਚ ਸਮਾਏ ਰਹਿੰਦੇ ਨੇ ਜਿਸ ਕਰਕੇ ਉਨ੍ਹਾਂ ਅੰਦਰੋਂ ਇਹ (ਹਉਮੈ ਆਦਿਕ ਵਿਕਾਰਾਂ ਵਾਲ਼ਾ) ਨਿੱਤ ਦਾ ਜੰਮਣ-ਮਰਣ ਮੁੱਕ ਜਾਂਦਾ ਹੈ

## ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥

ਉਹ ਅਪਣੇ ਅੰਦਰ ਕਦੀ ਨਾ ਮੁੱਕਣ ਵਾਲ਼ੇ ਰੱਬ ਨੂੰ ਮਿਲ਼ ਲੈਂਦੇ ਨੇ ਜੋ ਉਨ੍ਹਾਂ ਨੂੰ ਅੰਦਰੋਂ ਸ਼ੋਭਾ/ਵਡਿਆਈਆਂ ਨਾਲ਼ ਭਰ ਦੇਂਦਾ ਹੈ

## ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥

(ਇਸ ਲਈ ਮੇਰੇ ਮਨ ਇਹ ਆਖ ਕਿ) ਮੇਰੇ ਅੰਦਰ ਵੱਸਦੇ ਮਾਲਕ! ਤੂੰ ਵੱਡਾ ਹੈਂ, ਤੇ ਅਸੀਂ (ਗੁਣਾਂ ਤੇ ਸੱਖਣੇ) ਗਰੀਬ/ਛੋਟੇ ਹਾਂ

## ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥

ਸਾਨੂੰ ਤੇਰੇ ਨਾਮ/ਗੁਣਾਂ ਦਾ ਹੀ ਆਸਰਾ ਹੈ ਜੋ ਸਾਨੂੰ ਅੰਦਰੋਂ ਵੱਡਾ/ਸਦੀਵੀ ਸੁਖ ਦੇਂਦਾ ਹੈ

## ਰਾਗੁ ਗਉੜੀ ਪੂਰਬੀ ਮਹਲਾ ੫ ॥

ਗਉੜੀ ਪੂਰਬੀ ਰਾਗ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ

## ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥

ਮੇਰੇ ਮਨਾ! ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਇਹੋ ਸਮਾਂ ਹੈ ਤੇਰੇ ਕੋ਼ਲ ਗੁਰੂ ਦੀ ਸੇਵਾ (ਗੱਲ ਮੰਨਣ) ਦਾ

## ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥

ਜੇਕਰ ਹੁਣ ਤੂੰ ਗੁਰੂ ਦੇ ਗਿਆਨ ਨੂੰ ਖੱਟ ਲਵੇਂ (ਜੀਵਨ 'ਚ ਧਾਰਣ ਕਰ ਲਵੇਂ) ਤਾਂ ਅੱਗੇ ਹਰ ਹਾਲ ਵਿੱਚ ਜੀਊਣਾ ਸੌਖਾ ਹੋ ਜਾਵੇਗਾ

## ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥

ਮੇਰੇ ਮਨਾ! ਦਿਨ-ਰਾਤ ਕਰਦੇ ਕਰਦੇ ਉਮਰ ਲੰਘੀ ਜਾਂਦੀ ਹੈ; ਤੂੰ ਗੁਰੂ ਨੂੰ ਮਿ਼ਲ (ਗਿਆਨ ਨੂੰ ਅਮਲ 'ਚ ਲਿਆ) ਕੇ ਅਪਣਾ ਕਾਰਜ ਸਵਾਰ ਲੈ

## ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥

ਵਿਕਾਰਾਂ ਕਰਕੇ ਸੰਸਾਰੀ ਜੀਵਨ ਨੂੰ ਅਸੀਂ ਡਰ-ਫਿਕਰਾਂ ਨਾ਼ਲ ਭਰ ਲਿਆ ਹੈ; ਇਸ ਵਿੱਚੋਂ ਰੱਬੀ ਗਿਆਨ ਨਾ਼ਲ ਹੀ ਨਿਕਲਿਆ ਜਾਣਾ ਹੈ

## ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥

ਇਹ ਰੱਬੀ ਗਿਆਨ ਜਿਸ ਮਨ ਨੂੰ ਵਿਕਾਰਾਂ ਦੀ ਨੀਂਦ 'ਚੋਂ ਜਗਾ ਕੇ ਰੱਬੀ ਗੁਣਾਂ ਦਾ ਰਸ ਪਿਆ ਲਵੇ ਉਹ ਮਨ ਹੀ ਅਪਣੇ ਅੰਦਰ ਰੱਬੀ ਮਿਲਾਪ ਦੇ ਰਾਹ ਨੂੰ ਜਾਣ ਲੈਂਦਾ ਹੈ

## ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥

ਮੇਰੇ ਮਨਾ! ਜਿਸ ਕਾਰਜ (ਸੁਖ ਦੀ ਪ੍ਰਾਪਤੀ) ਗੁਰੂ ਕੋ਼ਲ ਅਇਆ ਹੈਂ, ਉਹ ਸਮਝ/ਖੱਟ ਲੈ; ਗੁਰੂ ਗਿਆਨ ਨਾ਼ਲ ਪ੍ਰਭੂ ਪਿਆਰ ਨੂੰ ਮਨ 'ਚ ਵਸਾ ਲੈ

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥**

ਅਪਣੇ ਨਿੱਜ ਘਰ (ਮਨ-ਸੁਰਤ ਅੰਦਰ) ਸਹਿਜ ਹੀ ਸੁਖ/ਅਨੰਦ ਦਾ ਮਹੱਲ/ਟਿਕਾਣਾ ਮਿਲ਼ ਜਾਵੇਗਾ; ਫਿਰ ਤੂੰ ਬਾਹਰੀ ਸੁਖਾਂ ਦੇ ਫੇਰ/ਗੇੜਿਆਂ 'ਚ ਨਹੀਂ ਪਵੇਂਗਾ

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**

(ਇਸ ਲਈ ਮੇਰੇ ਮਨਾ ਅਰਦਾਸ ਕਰ ਕਿ) ਮੇਰੇ ਅੰਦਰ ਦੇ ਹਲਾਤ ਨੂੰ ਤੂੰ ਜਾਣਦਾ ਹੈਂ ਰੱਬਾ! ਮੇਰੇ ਮਨ ਦੀ ਇਹ ਸ਼ਰਧਾ ਪੂਰੀ ਕਰ ਦੇ

**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥**

ਮੈਂ ਏਹੋ ਸੁਖ ਮੰਗਦਾ ਹਾਂ ਕਿ ਮੈ ਗੁਰੂ (ਦੇ ਗਿਆਨ) ਨੂੰ ਪੂਰੀ ਤਰ੍ਹਾਂ ਸਮਰਪਤ (ਚਰਣ-ਧੂੜ) ਹੋ ਜਾਵਾਂ

''ਜਦ ਯੂਕਰੇਨ 'ਤੇ ਜੰਗ ਚੱਲ ਰਹੀ ਹੈ, ਮੇਰੀ ਯੂਕਰੇਨੀਅਨ ਭੈਣ ਨੇ ਗੁਰਬਾਣੀ ਨੂੰ ਯੂਕਰੇਨੀਅਨ ਭਾਸ਼ਾ ਵਿੱਚ ਤਰਜਮਾ ਕਰਨ ਦੀ ਮਦਦ ਕੀਤੀ। ਤੇ ਇਹ ਉਸਨੇ ਗੁਰਬਾਣੀ ਤੋਂ ਜਾਣਿਆ''

Manjit Singh Nerval



Iryna Shpak

ਗੁਰੂ ਦੀ ਸਿੱਖਿਆ ਨੂੰ ਪੜ੍ਹ ਕੇ ਮੈਂ ਅਪਣੇ ਅੰਦਰ ਡੂੰਘਾ ਉੱਤਰੀ, ਤੇ ਉਸ ਸੱਚ ਨੂੰ ਲੱਭਿਆ ਜਿਸ ਦੀ ਇਸ ਵੇਲੇ ਮੈਨੂੰ ਲੋੜ ਸੀ। ਮੈਨੂੰ ਜੋ ਵਨ ਦੇ ਹਰ ਪਹਿਲੂ ਵਿੱਚ ਸ਼ਾਂਤੀ ਅਤੇ ਪਿਆਰ ਮਹਿਸੂਸ ਹੋ ਰਿਹਾ ਹੈ। ਮੈਨੂੰ ਅਹਿਸਾਸ ਹੋ ਰਿਹਾ ਹੈ ਕਿ ਪਰਮਾਤਮਾ ਦਾ ਪ੍ਰੇਮ ਮੈਨੂੰ ਪੂਰਨਤਾ ਦੇ ਰਿਹਾ ਹੈ।

ਗੁਰਬਾਣੀ ਦੇ ਪਵਿੱਤਰ ਸ਼ਬਦ ਸਾਨੂੰ ਉਹ ਸਰਲ ਸੱਚ ਨੂੰ ਯਾਦ ਕਰਾਉਂਦੇ ਨੇ ਜੋ ਸਾਨੂੰ ਪਤਾ ਤਾਂ ਹੈ ਪਰ ਭੁੱਲੇ ਹੋਏ ਹਾਂ। ਉਹ ਸਾਡੀ ਅਸਲ ਸੁੰਦਰਤਾ ਨੂੰ ਉਜਾਗਰ ਕਰਦੇ ਨੇ। ਗੁਰੂ ਦੇ ਸ਼ਬਦ ਤੁਹਾਨੂੰ ਆਪਣੇ ਸਭ ਤੋਂ ਉੱਚੇ ਆਪੇ ਦੀ ਪਛਾਣ ਕਰਾਉਂਦੇ ਨੇ।

ਤਿੰਨ ਬੱਚਿਆਂ ਦੀ ਮਾਂ ਹੋਣ ਦੇ ਨਾਤੇ ਮੈਂ ਇਹ ਮੰਨਦੀ ਹਾਂ ਕਿ ਬੱਚਿਆਂ ਨੂੰ ਗੁਰਬਾਣੀ ਦਾ ਗਿਆਨ ਸ਼ੁਰੁਆਤੀ ਸਕੂਲ ਤੋਂ ਹੀ ਸੁਣਨਾ ਚਾਹੀਦਾ ਹੈ। ਮੈਨੂੰ ਭਰੋਸਾ ਹੈ ਕਿ ਇਹ ਗਿਆਨ ਉਨ੍ਹਾਂ ਨੂੰ ਰੱਬੀ ਗੁਣਾਂ ਵਾਲ਼ੇ ਸਿਧਾਂਤਾਂ ਨਾਲ਼ ਭਰ ਦਵੇਗਾ। ਕਿਉਂਕਿ ਜੋ ਅਪਣੇ ਅੰਦਰ ਵੱਸਦੇ ਰੱਬ ਨੂੰ ਪਛਾਣ ਲੈਂਦਾ ਹੈ ਕਦੀ ਵੀ ਰਾਹ ਤੋਂ ਭਟਕਦਾ ਨਹੀਂ।



Aeryn Corpuz

ਜਦੋਂ ਮੈਨੂੰ ਇਹ ਮੌਕਾ ਮਿਲ਼ਿਆ ਕਿ ਮੈਂ ਪਵਿੱਤਰ ਗੁਰਬਾਣੀ ਦੇ ਵਿਚਾਰਾਂ ਤੇ ਸਿੱਖਿਆ ਦਾ ਅਪਣੀ ਮਾਂ-ਬੋਲੀ ਵਿੱਚ ਤਰਜਮਾ ਕਰਾਂ, ਮੈਂ ਜੀਵਨ ਦੇ ਰੁਝੇਵਿਆਂ ਤੇ ਪ੍ਰੇਸ਼ਾਨੀਆਂ ਤੋਂ ਇੱਕ ਪਾਸੇ ਹੋ ਕੇ ਗੁਰੂ ਜੀ ਦੇ ਵਿਚਾਰ ਅਤੇ ਗਿਆਨ ਬਾਰੇ ਸੋਚਿਆ ਤੇ ਧਿਆਨ ਕੀਤਾ, ਤਾਂ ਕੁੱਝ ਐਸਾ ਜਾਣਿਆ ਜੋ ਜ਼ਿਆਦਾਤਰ ਸਾਨੂੰ ਪਤਾ ਵੀ ਹੈ ਪਰ ਅਸੀਂ ਉਸਨੂੰ ਨਜ਼ਰ-ਅੰਦਾਜ਼ ਕਰ ਜਾਂਦੇ ਹਾਂ।

ਜੇ ਸਾਨੂੰ(ਗੁਰਬਾਣੀ) ਨੂੰ ਜਾਨਣ ਦਾ ਮੌਕਾ ਮਿਲ਼ੇ ਤਾਂ ਪਤਾ ਲੱਗੇ ਕਿ ਇਹ ਗਿਆਨ ਸਦਾ ਐਥੇ ਹੀ ਹੈ, ਸਗੋਂ ਇਹ ਤੱਥ ਵੀ ਮੰਨ ਲਈਏ ਕਿ ਇਹ ਜੀਵਨ ਦੇ ਮੁੱਢਲੇ ਸਿਧਾਂਤ ਹੀ ਨੇ, ਪਰ ਇਹ ਇਹ ਹੀ ਸਭ ਤੋਂ ਜ਼ਿਆਦਾ ਭੁੱਲੇ-ਵਿਸਾਰੇ ਗਏ ਨੇ ਜਿਸ ਕਰਕੇ ਅਸੀਂ ਅਪਣੇ ਜੀਵਨ ਦੇ ਰਾਹ ਤੋਂ ਉੱਖੜ ਕੇ ਕਿਸੇ ਹੋਰ ਹੀ ਰਾਹ ਤੇ ਪੈ ਗਏ ਹਾਂ।

ਮੈਂ ਇਹ ਮੰਨਦੀ ਹਾਂ ਕਿ ਇਸ ਗਿਆਨ ਨੂੰ ਸਾਂਝਾ ਕਰਕੇ ਅੰਦਰ ਨਿਮਰਤਾ ਆਉਂਦੀ ਹੈ ਤੇ ਬੰਦਾ ਅਪਣੇ ਮੂਲ ਨਾਲ਼ ਜੁੜਦਾ ਹੈ, ਜਿੱਥੇ ਜੀਵਨ ਸਦਾ ਸੁਹਣਾ ਹੈ। ਇਮਾਨਦਾਰੀ ਵਾਲ਼ਾ ਭਲਾ ਗੁਣ, ਨਿਰਮਾਣਤਾ ਤੇ ਭਲਿਆਈ ਦਾ ਬੋਲਬਾਲਾ ਹੈ, ਅਤੇ ਸ਼ਾਂਤੀ ਤੇ ਪਿਆਰ ਨੂੰ ਅਸਾਨੀ ਨਾਲ਼ ਪ੍ਰਾਪਤ ਕਰਕੇ ਸਾਰਿਆਂ ਨੂੰ ਵੰਡਿਆ ਜਾ ਸਕਦਾ ਹੈ।



J. C. Lutao

ਮੈਂ ਗ੍ਰਾਫਿਕ ਡਿਜ਼ਾਈਨ ਤੇ ਕਲਾ ਨਾਲ਼ ਜੁੜੇ ਹੋਣ ਕਰਕੇ, ਗੁਰਬਾਣੀ ਦੀ ਇਸ ਪੁਸਤਕ ਦਾ ਡਿਜ਼ਾਈਨ ਕਰਦਿਆਂ ਅੰਦਰਲੇ ਸੱਚ ਨਾਲ਼ ਡੂੰਘਾ ਜੋੜ ਮਹਿਸੂਸ ਕੀਤਾ ਹੈ।

ਇਹ ਸ਼ਬਦ ਨਾ ਸਿਰਫ ਸੱਚ ਨੇ, ਬਲਕਿ ਮਨੁੱਖਤਾ ਨੂੰ ਪੂਰੀ ਤਰ੍ਹਾਂ ਅਜ਼ਾਦ ਕਰਨ ਵਾਲ਼ੇ ਨੇ। ਇਹ ਮੈਨੂੰ ਨਿਮਰਤਾ ਅਤੇ ਸਭ ਦਾ ਸਤਿਕਾਰ ਕਰਨ ਦੀ ਵਡਿਆਈ ਸਿਖਾਉਂਦੇ ਨੇ ਕਿਉਂਕਿ ਅਖੀਰ ਅਸੀਂ ਸਾਰੇ ਇੱਕ ਹੀ ਹਾਂ।

ਗੁਰਬਾਣੀ ਨੂੰ ਪੜ੍ਹਦਿਆਂ ਤੇ ਅਪਣੀ ਭਾਸ਼ਾ 'ਚ ਲਿਖਦਿਆਂ ਮੈਂ ਖ਼ੁਦ ਨੂੰ ਜਾਣਨ, ਜੀਵਨ 'ਚ ਜਾਗ੍ਰਤੀ ਰੱਖਣ ਤੇ ਗਿਆਨ ਦੀ ਵਡਿਆਈ ਨੂੰ ਸਮਝਿਆ ਹੈ। ਗੁਰਬਾਣੀ ਗਿਆਨ ਜਿੱਥੇ ਮੇਰੀ ਕਲਾ ਨੂੰ ਰਾਹ ਦਿਖਾਇਆ ਉੱਥੇ ਨਾਲ਼ ਹੀ ਮੈਨੂੰ ਅਪਣੇ ਅੰਦਰਲੇ ਨਿੱਜ ਰੂਪ ਨਾਲ਼ ਜੁੜਣ ਦਾ ਮੌਕਾ ਵੀ ਦਿੱਤਾ ਹੈ। ਅਪਣੇ ਆਪ ਦੇ ਨਾਲ਼ ਨਾਲ਼ ਹੋਰਨਾਂ ਨਾਲ਼ ਵੀ ਸਹੀ ਤਰ੍ਹਾਂ ਜੁੜਨ ਦਾ ਗਿਆਨ ਮਿਲ਼ਿਆ ਜਿਸ ਨਾਲ਼ ਮੈਨੂੰ ਜੀਵਨ ਵਿੱਚ ਸੰਤੋਖ ਅਤੇ ਸਹੀ ਮਨੋਰਥ ਦੇ ਉੱਚੀ ਸਮਝ ਦਾ ਅਹਿਸਾਸ ਹੋਇਆ ਹੈ।



ਈਸ਼ਵਰ ਵੱਲ ਮੇਰੀ ਯਾਤਰਾ ਐਡਮਿੰਟਨ, ਅਲਬਰਟਾ, ਕੈਨੇਡਾ ਵਿੱਚ ਡਾਊਨਟਾਊਨ ਖੇਤਰ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ (ਮੁਫ਼ਤ ਕਮਿਊਨਿਟੀ ਭੋਜਨ) ਪਰੋਸਣ ਨਾਲ ਸ਼ੁਰੂ ਹੋਈ। ਇਹ ਲੋਕ ਤਰਸਯੋਗ ਹਾਲਾਤ ਵਿੱਚ ਰਹਿੰਦੇ ਹਨ ਕਿਉਂਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਬੇਘਰੇ ਅਤੇ ਨਸ਼ੇੜੀ ਹਨ। ਕਈ ਸਾਲਾਂ ਤੋਂ ਅਸੀਂ ਉਹਨਾਂ ਨੂੰ ਮੁਫਤ ਭੋਜਨ, ਨੌਕਰੀਆਂ ਅਤੇ ਉਹਨਾਂ ਨੂੰ ਸੜਕਾਂ ਤੋਂ ਬਾਹਰ ਕੱਢਣ ਦੇ ਹੋਰ ਮੌਕੇ ਦੇ ਕੇ ਉਹਨਾਂ ਦੀ ਮਾਨਸਿਕਤਾ ਵਿੱਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ। ਅਸੀਂ ਉਨ੍ਹਾਂ ਦੇ ਜੀਵਨ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਲਿਆ ਸਕੇ, ਅਤੇ ਅਸੀਂ ਉਨ੍ਹਾਂ ਦੀ ਭਲਾਈ ਲਈ ਆਪਣੇ ਯਤਨ ਜਾਰੀ ਰੱਖ ਰਹੇ ਹਾਂ।

ਸੰਗਤਾਂ ਦੀ ਸੇਵਾ ਕਰਦੇ ਹੋਏ ਮੈਂ ਗੁਰਬਾਣੀ ਦੇ ਫਲਸਫੇ ਨੂੰ ਸਮਝਣ ਦਾ ਇੱਛੁਕ ਹੋ ਗਿਆ ਅਤੇ ਭਾਈ ਸਰਬਜੀਤ ਸਿੰਘ ਧੂੰਦਾ, ਰਣਜੀਤ ਸਿੰਘ ਢੰਡਰੀਆਂਵਾਲੇ, ਵੀਰ ਭੁਪਿੰਦਰ ਸਿੰਘ ਜੀ, ਭਾਈ ਇੰਦਰਜੀਤ ਸਿੰਘ ਗੁਰਾਇਆ ਅਤੇ ਡਾ: ਕਰਮਿੰਦਰ ਸਿੰਘ ਢਿੱਲੋਂ ਨੂੰ ਸੁਣਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਸਾਰਿਆਂ ਨੂੰ ਸੁਣਨ ਤੋਂ ਬਾਅਦ, ਮੈਨੂੰ ਗੁਰਬਾਣੀ ਦੇ ਉਪਦੇਸ਼ ਨੂੰ ਸਿੱਖਣ ਅਤੇ ਸਮਝਣ ਦੀ ਭਾਵਨਾ ਪੈਦਾ ਹੋਈ।

ਦੁਨੀਆ ਵਿੱਚ ਸਦਭਾਵਨਾ ਲਿਆਉਣ ਲਈ, ਮੈਨੂੰ ਲੱਗਦਾ ਹੈ ਕਿ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੇ ਚਰਿੱਤਰ ਨਿਰਮਾਣ ਲਈ ਪਹੁੰਚਣਾ ਚਾਹੀਦਾ ਹੈ। ਸਾਨੂੰ ਬੱਚਿਆਂ ਲਈ ਉਹਨਾਂ ਨੂੰ ਕਮਿਊਨਿਟੀ ਸੇਵਾਵਾਂ ਵਿੱਚ ਸ਼ਾਮਲ ਕਰਨ ਅਤੇ ਉਹਨਾਂ ਨੂੰ ਮੁੱਲ ਦੀ ਸਿੱਖਿਆ ਬਾਰੇ ਸਿੱਖਿਅਤ ਕਰਨ ਲਈ ਪ੍ਰੋਗਰਾਮ ਬਣਾਉਣ ਦੀ ਲੋੜ ਹੈ। ਸਾਨੂੰ ਮਾਪਿਆਂ ਤੱਕ ਪਹੁੰਚਣ ਅਤੇ ਉਨ੍ਹਾਂ ਨੂੰ ਇਸ ਪਹਿਲਕਦਮੀ ਵਿੱਚ ਆਪਣੇ ਬੱਚਿਆਂ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨ ਦੀ ਵੀ ਲੋੜ ਹੈ। ਸਮਾਜ ਵਿੱਚ ਤਬਦੀਲੀ ਲਿਆਉਣ ਲਈ ਸਾਨੂੰ ਗੁਰਬਾਣੀ ਦੇ ਸਰਵ ਵਿਆਪਕ ਸੰਦੇਸ਼ ਨੂੰ ਸਾਂਝਾ ਕਰਨਾ ਚਾਹੀਦਾ ਹੈ। ਸੰਸਾਰ ਭਰ ਵਿੱਚ ਪਿਆਰ, ਸ਼ਾਂਤੀ ਅਤੇ ਸਦਭਾਵਨਾ ਦੇ ਸੰਦੇਸ਼ ਨੂੰ ਫੈਲਾਉਣ ਲਈ ਅਸੀਂ ਗੁਰਬਾਣੀ ਦੇ ਸੰਦੇਸ਼ ਨੂੰ ਵੱਧ ਤੋਂ ਵੱਧ ਭਾਸ਼ਾਵਾਂ ਵਿੱਚ ਪਹੁੰਚਾਉਣ ਲਈ ਵਚਨਬੱਧ ਹਾਂ।

All is One

Manjit Singh Nerval
Sikhs for Humanity Edmonton